# ਪਵਿੱਤ੍ਰ ਆਤਮਾ ਤੁਹਾਡੇ ਤੇ ਅਭਿਸ਼ੇਕ ਅਤੇ ਸੇਵਕਾਈ ਲਈ ਸਾਮਰਥ ਹੈ

ਫਰੈਂਕਲਿਣ ਰਾਹੀ ਸਿੱਖਿਆ ਦੇ ਨੋਟਸ

ਸੇਵਕਾਈ ਲਈ ਅਭਿਸ਼ੇਕ: ਕੂਚ 30:22-33; 31:3  ਲੇਵੀਆਂ ਦੀ ਪੋਥੀ 8:10-12,30

ਅਸੀਂ **ਸਭੇ ਸੇਵਕ** ਹਾਂ **ਪ੍ਰਭੂ** ਦੇ: 1 ਪਤਰਸ 2:9  2 ਕੁਰਿੰਥੀਆਂ 5:18

ਸ਼ਾਡੇ ਤੇ ਅਤੇ ਅਗੰਮਵਾਕ:

1. ਗਿਣਤੀ 11:17, 25-29 ਅਲਦਾਦ ਅਤੇ ਮੇਦਾਦ "ਪਰਮੇਸ਼ੁਰ ਲਈ ਹੋਵੇ . . ."
2. ਬਿਵਸਥਾ ਸਾਰ 34:9 ਯਹੋਸ਼ੂ ਭਰ ਗਿਆ
3. ਨਿਆਈਆਂ 3:10 ਆਥਨੀਏਲ
4. ਨਿਆਈਆਂ 6:34 ਗਿਦਾਊਨ
5. ਨਿਆਈਆਂ 14:6; 15:14 ਸਮਸੂਨ
6. 1 ਸਮੂਏਲ 10:1, 6-12 ਸ਼ਾਊਲ
7. 1 ਸਮੂਏਲ 16:13; 19:20-23 ਦਾਊਦ

ਭਰਨਾ ਅਤੇ ਅਗੰਮਵਾਕ ਕਰਨਾ:

1. ਲੂਕਾ 1:15, 17 ਯੂਹੰਨਾ ਬਪਤਿਸਮਾ ਦੇਣ ਵਾਲਾ "ਭਰ ਗਿਆ"
2. ਲੂਕਾ 1:35 ਮਰਿਯਮ "ਉੱਪਰ ਆਵੇਗਾ"
3. ਲੂਕਾ 1:41-42 ਇਲੀਸਬਤ "ਭਰ ਗਿਆ"
4. ਲੂਕਾ 1:67 ਜ਼ਕਰਯਾਹ "ਭਰ ਗਿਆ ਅਤੇ ਅਗੰਮ ਵਾਕ"

ਯੂਹੰਨਾ ਬਪਤਿਸਮੇਂ ਵਾਲੇ ਦਾ ਬਿਆਨ  ਲੂਕਾ 3:16

ਯਿਸੂ ਮਸੀਹ ਦਾ ਪਵਿੱਤ੍ਰ ਆਤਮਾ ਨਾਲ ਤਜੁਰਬਾ:  ਲੂਕਾ 3:21-22; 4:1, 14, 18

ਯਿਸੂ ਮਸੀਹ ਦੀ ਪਵਿੱਤ੍ਰ ਆਤਮਾ ਬਾਰੇ ਸਿੱਖਆਵਾਂ  ਯੂਹੰਨਾ 7:37-39 14:12-18

ਸਲੀਬ ਮਗਰੋਂ, ਪਵਿੱਤ੍ਰ ਆਤਮਾ ਦਾ ਆਉਂਨਾ ਸਾਡੇ ਅੰਦਰ / ਨਵਾਂ ਜੀਵਨ
ਯੂਹੰਨਾ 20:22 ਲੂਕਾ 24:45

ਪਵਿੱਤ੍ਰ ਆਤਮਾ ਸਾਡੇ ਤੁਹਾਡੇ ਤੇ  ਲੂਕਾ 24:49-51 ਅਤੇ ਰਸੂਲ 1:1-9; 2:1-4

ਨਤੀਜਾ ਅਤੇ ਵਿਆਖਿਆ ਰਸੂਲ 2:14-18, 33, 38-39 / 4:8,31,33 / 6:3, 5, 8

ਪਵਿੱਤ੍ਰ ਆਤਮਾ ਦੁੱਜਿਆਂ ਤੇ ਆਉਂਨਾ ਰਸੂਲ 8:5-18 / 9:17 / 10:44 / 19:1-6

ਪਵਿੱਤ੍ਰ ਆਤਮਾ ਨੂੰ ਪਾਉਂਨਾ ਰਸੂਲ 2:38-39; ਲੂਕਾ 11:11-13; ਅਫ਼ਸੀਆਂ 5:18

# ਪਵਿੱਤ੍ਰ ਆਤਮਾ – ਉਸ ਦੀ ਸੇਵਕਾਈ ਅਤੇ ਅਭਿਸ਼ੇਕ



ਫਰੈਂਕਲਿਣ ਰਾਹੀ

ਉਤਪਤ 1:2 ਧਰਤੀ ਬੇਡੌਲ ਤੇ ਸੁੰਞੀ ਸੀ ਅਤੇ ਡੂੰਘਿਆਈ ਉੱਤੇ ਅਨ੍ਹੇਰਾ ਸੀ ਅਤੇ **ਪਰਮੇਸ਼ੁਰ ਦਾ ਆਤਮਾ** ਪਾਣੀਆਂ ਦੇ **ਉੱਤੇ ਸੇਉਂਦਾ** ਸੀ ।

- ਸ਼ੁਰੂ ਤੋਂ ਹੀ ਪਰਮੇਸ਼ੁਰ ਦਾ ਆਤਮਾ **ਪਰਿਵਰਤਣ** ਲਈ ਸੇਉਂਦਾ ਸੀ
- ਬੇਡੌਲ ਨੂੰ **ਰੂਪ** ਅਤੇ **ਅਕਾਰ** ਦੇਣ ਲਈ ਸੇਉਂਦਾ ਸੀ
- ਖਾਲੀਪਣ ਤੋਂ **ਉਦੇਸ** ਅਤੇ **ਮੁਲ** ਦੇਣ ਲਈ ਸੇਉਂਦਾ ਸੀ
- ਹਨੇਰੇ ਵਿੱਚੋਂ **ਚਾਨਣ, ਸਚਿਆਈ ਅਤੇ ਧਾਰਮਿਕਤਾ** ਲਿਆਉਣ ਲਈ ਸੇਉਂਦਾ ਸੀ
- ਸੇਉਂਦਾ ਸੀ ਤਾਂ ਜੋ ਪ੍ਰਭੂ ਦੇ ਉਦੇਸ ਨੂੰ ਉਸ ਦੀ ਰਚਨਾ ਵਿੱਚ ਪੂਰਾ ਕਰੇ
- "ਮੰਡਰਾਉਂਨਾ" – ਕੋਮਲਤਾ ਨਾਲ ਸੇਉਂਨਾ, ਜਿਵੇਂ ਉਕਾਬ ਅਪਣੇ ਛੋਟੇ ਬਚਿਆਂ ਉਤੇ (ਬਿਵਸਥਾ ਸਾਰ 32:11)

ਅਤੇ ਇਹੋ ਅੱਜ ਉਸ ਦੀ ਸੇਵਕਾਈ ਹੈ ਅਤੇ ਹੁੰਦਾ ਹੈ ਜਦੋਂ ਕਦੇ ਵੀ ਉਹ ਮੰਡਰਾਉਂਦਾ ਜਾਂ ਉਤੇ ਆ ਜਾਂਦਾ ਹੈ ਤਾਂ ਜੋ ਪ੍ਰਭੂ ਦੇ ਉਦੇਸ ਨੂੰ ਪੂਰੀਆਂ ਕਰੇਂ । ਇਹੋ ਹੈ ਜੋ ਉਹ ਸਭਨਾ ਦੇ ਜਾਂ ਸਾਡੇ ਜੀਵਨ ਵਿੱਚ ਕਰ ਰਿਹਾ ਹੈ ।

1 ਕੁਰਿੰਥੀਆਂ 10:11 ਸੋ ਏਹ ਗੱਲਾਂ ਓਹਨਾਂ ਉੱਤੇ ਨਸੀਹਤ ਦੇ ਲਈ ਹੋਈਆਂ ਅਤੇ **ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ** ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ ।

## ਪਵਿੱਤ੍ਰ ਆਤਮਾ ਉਤੇ ਸੇਵਕਾਈ ਲਈ ਅਭਿਸ਼ੇਕ ਹੈ ।

ਸਾਨੂੰ ਸਪਸ਼ਟਤਾ ਦੇ ਨਾਲ ਪਵਿੱਤ੍ਰ ਆਤਮਾ ਇੱਕ ਜਣ ਦੇ "**ਅੰਦਰ**" ਅਤੇ ਇੱਕ ਜਣ ਦੇ "**ਉਤੇ**" ਦੇ ਅੰਤਰ ਨੂੰ ਸਮੱਝਣ ਦੀ ਲੋੜ ਹੈ ।

### ❖ ਅਭਿਸ਼ੇਕ ਹੋਇਆ "ਅਲਗ ਕਿਤਾ" ਅਤੇ ਸੇਵਕਾਈ

**ਕੂਚ 30:22-23** ਪ੍ਰਭ ਨੇ ਮੂਸਾ ਨਾਲ ਗਲ ਕਰਦਿਆਂ ਕਿਹਾ, (23) ਅਪਣੇ ਲਈ ਵਧੀਆ ਮਸਾਲੇ ਲੈ ਲਵੋ:. . . . . .(25) ਇਸ ਨਾਲ ਤੂੰ **ਪਵਿੱਤ੍ਰ ਅਭਿਸ਼ੇਕ ਦਾ ਤੇਲ** ਬਨਾਵੀਂ, (26) ਤੂੰ ਉਸ ਦੇ ਨਾਲ ਮੰਡਲੀ ਦੇ ਤੰਬੂ ਨੂੰ ਅਤੇ ਸਾਖੀ ਦੇ ਸੰਦੂਕ ਨੂੰ **ਮਲੀਂ**, (27) ਨਾਲੇ ਮੇਜ ਨੂੰ ਅਰ ਉਸ ਦੇ ਸਾਰੇ ਸਮਾਨ ਨੂੰ ਅਤੇ ਸ਼ਮਾਦਾਨ ਨੂੰ ਅਰ ਉਸ ਦੇ ਸਾਰੇ ਸਮਾਨ ਨੂੰ ਅਤੇ ਸ਼ਮਾਦਾਨ ਨੂੰ ਅਰ ਉਸ ਦੇ ਸਾਰੇ ਸਮਾਨ ਨੂੰ ਅਤੇ ਧੂਪ ਦੀ ਜਗਵੇਦੀ ਨੂੰ, (28) ਅਤੇ ਹੋਮ ਦੀ ਬਲੀ ਦੀ ਜਗਵੇਦੀ ਨੂੰ ਅਤੇ ਉਸ ਦੇ ਸਾਰੇ ਸਮਾਨ ਨੂੰ ਅਤੇ ਹੌਦ ਅਰ ਉਸ ਦੀ ਚੌਕੀ ਨੂੰ । (29) ਤੂੰ ਉਨ੍ਹਾਂ ਨੂੰ **ਪਵਿੱਤ੍ਰ ਕਰੀਂ** (ਜਾਂ ਸ਼ੁੱਧ ਕਰਨਾ:ਪਵਿੱਤ੍ਰ ਇੱਸਤੇਮਾਲ ਲਈ ਅਲਗ ਕਿਤਾ । 6942) ਕਿ ਓਹ ਅੱਤ **ਪਵਿੱਤ੍ਰ** ਹੋਣ (6942) (30) ਤਾਂ ਤੂੰ **ਹਾਰੂਨ ਅਰ ਉਸ ਦੇ ਪੁੱਤ੍ਰਾਂ ਨੂੰ ਮਸਹ ਕਰ** ਕੇ **ਪਵਿੱਤ੍ਰ ਕਰੀਂ** (6942), **ਤਾਂ ਜੋ ਓਹ ਮੇਰੀ ਜਾਜਕਾਈ ਦੀ ਉਪਾਸਨਾ ਕਰਨ** । (31) ਅਤੇ ਤੂੰ ਇਸਰਾਏਲੀਆਂ ਨੂੰ ਬੋਲੀਂ ਭਈ ਏਹ ਮਲਣ ਦਾ ਪਵਿੱਤ੍ਰ ਤੇਲ ਮੇਰੇ ਲਈ ਤੁਹਾਡੀਆਂ ਪੀੜ੍ਹੀਆਂ ਤੀਕ ਹੋਵੇ ।

- ਇੱਹ ਇਸ ਪ੍ਰਕਾਰ ਦੀ ਪਵਿੱਤ੍ਰ ਆਤਮਾ ਦੀ ਸਿੱਖਿਆ ਹੈ ਜੋ ਉਨ੍ਹਾਂ ਤੇ ਆਉਂਦੀ ਜਿਨ੍ਹਾਂ ਸੇਵਕਾਈ ਅਤੇ ਪ੍ਰਭੂ ਦੀ ਸੇਵਾ ਕਰਨੀ ਹੈ, ਉਨ੍ਹਾਂ ਨੂੰ ਇਹ ਕਰਨ ਲਈ ਅੱਧੀਕਾਰ ਦਿੰਦਾ ਹੈ ।
- ਪ੍ਰਭੂ ਚੁਣਦਾ ਹੈ ਕਿ ਉਸਦਾ ਪੁਰੋਹਿਤ ਕੌਣ ਹੋਵੇਗਾ । ਉਨ੍ਹਾਂ ਦੇ ਪਵਿੱਤ੍ਰੀਕਰਣ ਲਈ ਲੋੜ ਹੈ ਬਲਿਦਾਨ ਦਾ ਲਹੂ ਅਤੇ ਮਸਹ ਦਾ ਤੇਲ ਉਨ੍ਹਾਂ ਦੇ ਸੀਸ **ਤੇ** ਉਂਡੇਲਿਆ ਜਾਨਾ (ਕੂਚ 29:7,21)।
  ਫੇਰ ਤੂੰ ਉਸ ਮਸਹ ਦੇ ਤੇਲ ਨੂੰ ਲੈਕੇ ਉਸ ਦੇ ਸੀਸ ਤੇ ਉਂਡੇਲ ਕੇ ਉਸ ਦਾ ਮਸਹ ਕਰੀਂ ।
- ਨਵੇਂ ਨੇਮ ਦੇ ਸਭ ਵਿਸਵਾਸੀ ਸੇਵਕ ਹਣ: 2 ਕੁਰਿੰਥੀਆਂ 5:18; 1 ਪਤਰਸ 2:9

## ❖ ਉਪਰ ਅਤੇ ਅਗੰਮ ਵਾਚਣਾ

**ਗਿਣਤੀ** 11:16-18 ਲੋਕਾਂ ਦੀ ਪਾਸਬਾਨੀ ਲਈ ਮੂਸਾ ਨੂੰ ਸਹਾਈਤਾ ਦੀ ਲੋੜ ਸੀ
ਯਹੋਵਾਹ ਨੇ ਮੂਸਾ ਨੂੰ ਆਖਿਆ, ਮੇਰੇ ਲਈ ਇਸਰਾਏਲ ਦੇ ਬਜ਼ੁਰਗਾਂ ਵਿੱਚੋਂ ਸੱਤ੍ਰ ਮਨੁੱਖ ਇਕੱਠੇ ਕਰ ਜਿਨ੍ਹਾਂ ਨੂੰ ਤੂੰ ਜਾਣਦਾ ਹੈਂ ਕਿ ਉਹ ਪਰਜਾ ਦੇ ਬਜ਼ੁਰਗ ਅਤੇ ਹੁੱਦੇਦਾਰ ਹਨ ।ਫੇਰ ਉਨ੍ਹਾਂ ਨੂੰ ਮੰਡਲੀ ਦੇ ਤੰਬੂ ਕੋਲ ਲਿਆ ਕਿ ਉਹ ਉੱਥੇ ਤੇਰੇ ਨਾਲ ਖਲੋ ਜਾਣ ।(17) ਅਤੇ ਮੈਂ ਉਤਰ ਕੇ ਉੱਥੇ ਤੇਰੇ ਨਾਲ ਗੱਲ ਕਰਾਂਗਾ ਅਤੇ **ਮੈਂ ਉਸ ਆਤਮਾ ਤੋਂ ਲੈ ਕੇ ਜਿਹੜਾ ਤੇਰੇ ਉੱਤੇ ਹੈ ਉਨ੍ਹਾਂ ਉੱਤੇ ਪਾਵਾਂਗਾ** ਅਤੇ ਉਹ ਤੇਰੇ ਨਾਲ ਪਰਜਾ ਦਾ ਭਾਗ ਚੁੱਕਣਗੇ ਤਾਂ ਜੋ ਤੈਨੂੰ ਇਕੱਲੇ ਨੂੰ ਚੁੱਕਣਾ ਨਾ ਪਵੇ । (24) ਫੇਰ ਮੂਸਾ ਨੇ . . . ਸੱਤ੍ਰ ਮਨੁੱਖ ਜਿਹੜੇ ਪਰਜਾ ਦੇ ਬਜ਼ੁਰਗ ਸਨ ਇਕੱਠੇ ਕੀਤੇ ਅਤੇ ਓਹਨਾਂ ਨੂੰ ਤੰਬੂ ਦੇ ਆਲੇ ਦੁਆਲੇ ਖੜਾ ਕੀਤਾ । (25) ਤਾਂ ਯਹੋਵਾਹ ਬੱਦਲ ਵਿੱਚ ਉਤਰਿਆ ਅਤੇ ਉਹ ਦੇ ਨਾਲ ਗੱਲ ਕੀਤੀ । ਫੇਰ ਉਸ ਨੇ ਉਸ **ਆਤਮਾ** ਤੋਂ ਲੈਕੇ ਜਿਹੜਾ ਉਹ ਦੇ **ਉੱਤੇ** ਸੀ ਓਹਨਾਂ ਸੱਤ੍ਰ ਬਜ਼ੁਰਗ ਮਨੁੱਖਾਂ **ਉੱਤੇ ਪਾਂ ਦਿੱਤਾ** ਅਤੇ ਐਉਂ ਹੋਇਆ ਕਿ ਜਦ ਆਤਮਾ ਓਹਨਾਂ **ਉੱਤੇ** ਉਤਰਿਆ ਤਾਂ ਓਹ **ਅਗੰਮ ਵਾਚਣ** ਲੱਗ ਪਏ ਪਰ ਓਹਨਾਂ ਨੇ ਏਸ ਦੇ ਮਗਰੋਂ ਫੇਰ ਨਾ ਕੀਤਾ । (26) ਪਰ ਡੇਰੇ ਵਿੱਚ ਦੋ ਮਨੁੱਖ ਰਹਿ ਗਏ, ਇੱਕ ਦਾ ਨਾਉਂ ਅਲਦਾਦ ਅਤੇ ਦੂਜੇ ਦਾ ਨਾਉਂ ਮੇਦਾਦ ਸੀ । ਆਤਮਾ ਉਨ੍ਹਾਂ ਉੱਤੇ ਵੀ ਉਤਰਿਆ ਅਤੇ ਏਹ ਲਿਖਿਆ ਹੋਇਆਂ ਦੇ ਵਿੱਚ ਦੇ ਸਨ ਪਰ ਤੰਬੂ ਕੋਲ ਬਾਹਰ ਨਹੀਂ ਸੀ ਗਏ । ਓਹ ਡੇਰੇ ਵਿੱਚ ਹੀ **ਅਗੰਮ ਵਾਚਣ** ਲੱਗੇ ।(27) ਤਾਂ ਇੱਕ ਗਭਰੂ ਨੇ ਨੱਸ ਕੇ ਮੂਸਾ ਨੂੰ ਦੱਸਿਆ ਅਤੇ ਆਖਿਆ ਕਿ ਅਲਦਾਦ ਅਤੇ ਮੇਦਾਦ ਡੇਰੇ ਵਿੱਚ ਅਗਮਮ ਵਾਚਦੇ ਹਨ (28) ਤਾਂ ਨੂਨ ਦੇ ਪੁੱਤ੍ਰ ਯਹੋਸ਼ੁਆ ਨੇ ਜਿਹੜਾ ਮੂਸਾ ਦਾ ਸੇਵਕ ਅਤੇ ਉਸ ਦੇ ਚੋਣਵਿਆਂ ਵਿੱਚੋਂ ਸੀ ਉੱਤਰ ਦਿੱਤਾ ਕਿ ਹੇ ਮੂਸਾ ਮੇਰੇ ਸੁਆਮੀ ਜੀ, ਉਨ੍ਹਾਂ ਨੂੰ ਵਰਜ ਦਿਓ ।

ਧਾਰਮਕ ਆਤਮਾ ਰੋਕਣ ਵਾਲੀ ਅਤੇ ਇੱਰਖਾ ਵਾਲੀ ਸੇਵਕਾਈ ਲਈ, ਤਾਂ ਜੋ ਉਸ ਨੂੰ ਸੀਮਿਤ ਤੇ ਆਪੇ ਤੱਕ ਰੱਖਨਾ ਸੀਰਫ ਅਰਾਧਨਾ ਦੀ ਜਗਹ ਤੱਕ ।

(29) ਪਰ ਮੂਸਾ ਨੇ ਉਹ ਨੂੰ ਆਖਿਆ, "ਕੀ ਤੂੰ ਮੇਰੇ ਲਈ ਖਿਝਦਾ ਹੈਂ? ਕਾਸ਼ ਕਿ **ਯਹੋਵਾਹ ਦੇ ਸਾਰੇ ਲੋਕ ਨਬੀ ਹੁੰਦੇ** ਅਤੇ ਯਹੋਵਾਹ ਆਪਣਾ ਆਤਮਾ ਉਨ੍ਹਾਂ **ਉੱਤੇ** ਪਾਉਂਦਾ!"

ਮੂਸਾ ਪਰਮੇਸ਼ੁਰ ਦੇ ਦਿਲ ਦੀ ਬੋਲ ਰਿਹਾ ਸੀ ।

ਬਿਵਸਥਾ ਸਾਰ 34:9 ਨੂਨ ਦਾ ਪੁੱਤ੍ਰ **ਯਹੋਸ਼ੁਆ ਬੁੱਧੀ ਦੇ ਆਤਮਾ ਨਾਲ ਭਰਪੂਰ ਸੀ** ਕਿਉਂ ਜੋ ਮੂਸਾ ਨੇ ਆਪਣੇ ਹੱਥ **ਉਸ ਉੱਤੇ ਰੱਖੇ ਸਨ** । ਉਪਰੰਤ ਇਸਰਾਏਲੀ ਉਸ ਦੀ ਸੁਣਦੇ ਸਨ ਅਤੇ ਓਵੇਂ ਹੀ ਕਰਦੇ ਸਨ ਜਿਵੇਂ ਯਹੋਵਾਹ ਮੂਸਾ ਨੂੰ ਹੁਕਮ ਦਿੱਤਾ ਸੀ ।

## ❖ ਇਸਰਾਏਲੀਆਂ ਲਈ ਪਰਮੇਸ਼ੁਰ ਦੇ ਨਿਆਯੀ:

ਨਿਆਯੀਆਂ 3:9-10 ਆਥਨੀਏਲੇ ਯਹੋਵਾਹ ਦਾ ਆਤਮਾ ਉਸ **ਉੱਤੇ** ਆਇਆ, ਉਸ ਇਸਰਾਏਲ ਦਾ ਨਿਆਂ ਕਿਤਾ
ਨਿਆਯੀਆਂ 6:34 ਯਹੋਵਾਹ ਦਾ ਆਤਮਾ ਗਿਦਾਊਨ **ਉੱਤੇ** ਆਇਆ;
ਨਿਆਯੀਆਂ 14:6 ਤਾਂ ਯਹੋਵਾਹ ਦਾ ਆਤਮਾ ਸਮਸੂਨ **ਉੱਤੇ** ਜ਼ੋਰ ਨਾਲ ਆਇਆ
ਨਿਆਯੀਆਂ 15:14 ਉਸ ਵੇਲੇ ਯਹੋਵਾਹ ਦਾ ਆਤਮਾ ਡਾਢੇ ਜ਼ੋਰ ਨਾਲ ਉਹ ਦੇ ਉੱਤੇ ਆਇਆ ਓਤੇ ਉਹ ਰੱਸੇ ਜਿਨ੍ਹਾਂ ਨਾਲ ਉਹ ਦੀਆਂ ਬਾਹਾਂ ਬੰਨ੍ਹੀਆਂ ਸਨ ਅਜੇਹੇ ਹੋ ਗਏ ਜੇਹੇ ਅੱਗ ਨਾਲ ਸੜੇ ਹੋਏ ਸਨ ਅਤੇ ਉਹ ਦੇ ਹੱਥਾਂ ਦੇ ਬੰਧਨ ਖੁਲ੍ਹ ਗਏ ।

ਉੱਤਪਤ 22:14 ਯਹੋਵਾਹ ਯਰੀ - ਪ੍ਰਭੂ ਪ੍ਰਬੰਧ ਕਰੇਗਾ: ਉਸ ਦੇ ਸੇਵਕ ਦੀ ਜੋ ਵੀ ਲੋੜ ਹੋਵੇ: ਸਾਮਰਥ, ਅੱਧਿਕਾਰ, ਬੁੱਧ, ਪਛਾਣ, ਆਤਮਾ ਦੇ ਵਰਦਾਨ ।

❖ **ਸ਼ਾਊਲ ਦਾ ਰਾਜਾ ਹੋਣ ਲਈ ਅਭਿਸ਼ੇਕ**

1 **ਸਮੂਏਲ** 10:1 ਫੇਰ ਸਮੂਏਲ ਨੇ ਇੱਕ ਤੇਲ ਦੀ ਕੁੱਪੀ ਲੈ ਕੇ ਉਹ ਦੇ ਸਿਰ **ਉੱਤੇ** ਡੋਹਲ ਦਿੱਤੀ ਅਰ ਉਹ ਨੂੰ
ਚੁੰਮ ਕੇ ਆਖਿਆ, ਭਲਾ, ਯਹੋਵਾਹ ਨੇ ਤੈਨੂੰ ਇਸ ਕਰਕੇ ਨਹੀਂ **ਮਸਹ** ਕੀਤਾ ਜੋ ਤੂੰ ਉਹ ਦੀ ਮਿਰਾਸ ਦਾ ਪਰਧਾਨ
ਬਣੇਂ ? (5) ਅਤੇ ਇਹ ਦੇ ਪਿੱਛੋਂ ਤੂੰ ਪਰਮੇਸ਼ੁਰ ਦੇ ਪਰਬਤ ਦੇ ਨੇੜੇ ਜਿੱਥੇ ਫਲਿਸਤੀਆਂ ਦੀ ਚੌਂਕੀ ਹੈ ਅੱਪੜੇਂਗਾ
ਅਤੇ ਆਜਿਹਾ ਹੋਵੇਗਾ ਜਾਂ ਤੂੰ ਉੱਥੇ ਸ਼ਹਿਰ ਵਿੱਚ ਵੜੇਂ ਤਾਂ ਇੱਕ ਟੋਲਿ ਤੈਨੂੰ ਨਬੀਆਂ ਦੀ ਮਿਲੇਗੀ ਜੋ ਉੱਥੇ ਉੱਚੇ
ਥਾਂਉਂ ਲਹਿੰਦੀ ਹੋਵੇਗੀ ਅਤੇ ਓਹ ਰਬਾਬ, ਖੰਜਰੀ, ਬੰਸਰੀ ਤੇ ਬੀਨ ਆਪਣੇ ਅੱਗੇ ਲਈ ਆਉਂਦੇ ਹੋਣਗੇ ਅਤੇ ਓਹ
ਅਗੰਮ ਵਾਚਣਗੇ ।(6) ਤਦ ਯਹੋਵਾਹ ਦਾ ਆਤਮਾ ਤੇਰੇ **ਉੱਤੇ** ਆਵੇਗਾ **ਅਤੇ ਤੂੰ ਵੀ ਉਨ੍ਹਾਂ ਦੇ ਨਾਲ ਅਗੰਮ
ਵਾਚੇਂਗਾ** ਸਗੋਂ **ਤੂੰ ਹੋਰ ਡੌਲ ਦਾ ਮਨੁੱਖ ਬਣ ਜਾਵੇਂਗਾ** । (ਇਬਰਾਨੀ: ਅਗੰਮਵਾਕ – ਪ੍ਰੇਰਨਾ ਰਾਹੀ ਬੋਲਨਾ ਜਾਂ
ਗਾਉਨਾ) (9) ਅਜਿਹਾ ਹੋਇਆ ਜਾਂ ਉਹ ਨੇ ਸਮੂਏਲ ਕੋਲੋਂ ਵਿਦਿਆ ਹੋ ਕੇ ਪਿੱਠ ਭੁਆਈ ਤਾਂ ਉਸੇ ਵੇਲੇ
ਪਰਮੇਸ਼ੁਰ ਨੇ ਉਹ ਨੂੰ ਦੂਜੀ ਡੌਲ ਦਾ ਮਨ ਦਿੱਤਾ ਅਤੇ ਓਹ ਸਭ ਨਿਸ਼ਾਨੀਆਂ ਉਸੇ ਦਿਨ ਹੋ ਗਈਆਂ। (10) ਜਾਂ
ਓਹ ਉਸ ਪਰਬਤ ਨੂੰ ਆਏ ਤਾਂ ਵੇਖੋ, ਉਹ ਨੂੰ ਇੱਕ ਨਬੀਆਂ ਦੀ ਟੋਲੀ ਮਿਲ ਪਈ ਅਤੇ **ਪਰਮੇਸ਼ੁਰ ਦਾ ਆਤਮਾ
ਉਹ ਦੇ ਉੱਤੇ ਜੋਰ ਨਾਲ ਆਇਆ** ਅਤੇ ਉਹ ਨੇ ਵੀ ਉਨ੍ਹਾਂ ਨਾਲ **ਅਗੰਮ ਵਾਚਿਆ** ।(11) ਅਤੇ ਅਜਿਹਾ ਹੋਇਆ
ਜਾਂ ਉਹ ਦੇ ਅਗਲੇ ਜਾਣੂ ਪਛਾਣੂਆਂ ਨੇ ਉਹ ਨੂੰ ਨਬੀਆਂ ਦੇ ਵਿਚਕਾਰ ਅਗੰਮ ਵਾਚਦਿਆਂ ਡਿੱਠਾ ਤਾਂ ਇੱਕ ਦੂਜੇ
ਨੂੰ ਆਖਣ ਲੱਗੇ, ਕੀਸ਼ ਦੇ ਪੁੱਤ੍ਰ ਨੂੰ ਕੀ ਹੋਇਆ? ਭਲਾ, ਸ਼ਾਊਲ ਵੀ ਨਬੀਆਂ ਦੇ ਵਿੱਚ ਹੈ? ਉਹ ਬਦਲ ਗਿਆ,
ਇਹ ਦੇਖਿਆ ਗਿਆ, ਅਤੇ ਉਹ ਅਲੱਗ ਕਿਤਾ ਗਿਆ ।

## ❖ ਰਾਜਾ ਸ਼ਾਊਲ ਦੀ ਅਣਆਗਿਆਕਾਰੀ (1 ਸਮੂਯੇਲ 15)

1 **ਸਮੂਯੇਲ** 15:22-23 ਸਮੂਯੇਲ ਬੋਲਿਆ, "ਭਲਾ, ਯਹੋਵਾਹ ਹੋਮ ਦੀਆਂ ਭੇਟਾਂ ਅਤੇ ਬਲੀਆਂ ਨਾਲ ਪਰਸੰਨ ਹੁੰਦਾ ਹੈ, **ਯਾ** ਇਸ ਗੱਲ ਉੱਤੇ ਜੋ ਉਹ ਦੀ ਅਵਾਜ਼ **ਸੁਣੀ ਜਾਵੇ** ? ਵੇਖ, **ਮੰਨਣਾ** ਭੇਟਾਂ ਚੜ੍ਹਾਉਣ ਨਾਲੋਂ, ਅਤੇ **ਸਰੋਤਾ ਬਣਨਾ** ਛੱਤਰਿਆਂ ਦੀ ਚਰਬੀ ਨਾਲੋਂ ਚੰਗਾ ਹੈ, ਕਿਉਂ ਜੋ **ਬਗਾਵਤ** ਅਤੇ **ਜਾਦੂਗਰੀ ਦਾ ਪਾਪ** ਇੱਕੋ ਜਿਹਾ ਹੈ, ਅਤੇ **ਖਚਰਊ** ਅਤੇ ਬਦੀ ਅਤੇ **ਮੂਰਤੀ ਪੂਜਾ** ਇੱਕੋ ਜਿਹੀ ਹੈ । ਸੋ ਜਿਹਾ ਤੈਂ ਯਹੋਵਾਹ ਦੇ ਬਚਨ ਨੂੰ ਰੱਦਿਆ ਹੈ, ਤਿਹਾ ਹੀ ਉਸ ਨੇ ਪਾਤਸ਼ਾਹ ਰਹਿਣ ਤੋਂ ਤੈਨੂੰ ਰੱਦਿਆ ਹੈ" ।

- ਰਸੂਲਾਂ ਦੇ ਕਰਤੱਬ 5:32 ਪਵਿੱਤ੍ਰ ਆਤਮਾ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ ਜੋ **ਉਸ ਦੀ ਪਾਲਨਾ** ਕਰਦੇ ਹਨ ।

- ਉਸ ਅਨੰਤ ਜੀਵਨ ਨਹੀਂ ਗਵਾਈਆ – ਉਸ ਨੇ ਅਭਿਸ਼ੇਕ ਅਤੇ ਅਪਨਾ ਪਦ ਗਵਾਈਆ

## ❖ ਸ਼ਾਊਲ ਦੀ ਅਣਆਗਿਆਕਾਰੀ ਦਾ ਨਤੀਜਾ

ਰਸੂਲਾਂ ਦੇ ਕਰਤੱਬ 13:22 ਫੇਰ ਉਹ ਨੂੰ ਹਟਾ ਕੇ ਦਾਊਦ ਨੂੰ ਖੜਾ ਕੀਤਾ ਭਈ ਉਨ੍ਹਾਂ ਦਾ ਪਾਤਸ਼ਾਹ ਹੋਵੇ ਜਿਹ ਦੇ ਹੱਕ ਵਿੱਚ ਉਹ ਨੇ ਸਾਖੀ ਦੇ ਕੇ ਆਖਿਆ ਭਈ ਮੈਂ ਯੱਸੀ ਦੇ ਪੁੱਤ੍ਰ ਦਾਊਦ ਨੂੰ ਆਪਣੇ ਮਨ ਭਾਉਂਦਾ ਇੱਕ ਮਨੁੱਖ ਲੱਭਿਆ, ਉਹੋ ਮੇਰੀ ਸਾਰੀ ਮਰਜ਼ੀ ਪੂਰੀ ਕਰੇਗਾ ।

**1 ਸਮੂਏਲ 16:13 ਦਾਊਦ ਦਾ ਅਭਿਸ਼ੇਕ**

ਤਦ ਸਮੂਏਲ ਨੇ ਤੇਲ ਦਾ ਸਿੰਗ ਲੈ ਕੇ ਉਹ ਦੇ ਭਰਾਵਾਂ ਦੇ ਵਿੱਚ ਉਹ ਨੂੰ ਮਸਹ ਕੀਤਾ ਅਤੇ ਉਸ ਦਿਨ ਤੋਂ ਯਹੋਵਾਹ ਦਾ ਆਤਮਾ ਸਦਾ ਦਾਊਦ **ਉੱਤੇ** ਆਉਂਦਾ ਰਿਹਾ ਅਤੇ ਸਮੂਏਲ ਉੱਠ ਕੇ ਰਾਮਾਹ ਨੂੰ ਵਿਦਿਆ ਹੋਇਆ ।

**ਹਵਾਲਾ 14 ਸ਼ਾਊਲ ਦਾ ਮਸਹ ਹਟ ਗਿਆ**

ਪਰ ਸ਼ਾਊਲ ਉੱਤੋਂ **ਯਹੋਵਾਹ ਦਾ ਆਤਮਾ ਅੱਡ ਹੋ ਗਿਆ** ਅਤੇ ਯਹੋਵਾਹ ਵੱਲੋਂ ਇੱਕ ਦੁਸਟ ਆਤਮਾ ਉਹ ਨੂੰ ਅਕਾਉਣ ਲੱਗਾ ।

- ਅਭਿਸ਼ੇਕ ਪ੍ਰਭੂ ਦੀ ਇੱਛਾ ਨੂੰ ਪੂਰੀ ਕਰਨ ਲਈ ਸਾਮਰਥਾ ਹੈ ।
- ਸ਼ਾਊਲ ਪ੍ਰਭੂ ਦੀ **ਆਗਿਆਪਾਲਣਾ ਨਹੀਂ ਕਰ ਰਿਹਾ ਸੀ**: ਵਿਦ੍ਰੋਹ – ਪ੍ਰਭੂ ਨੂੰ "ਨਾ" ਕਹਨਾ । ਹਠੀਲਾਪਣ – "ਮੈਂ ਇਸ ਨੂੰ ਅਪਣੇ ਹੀ ਤਰੀਕੇ ਨਾਲ ਕਰਾਂਗਾ" ।ਇਸੇ ਲਈ ਦੁਸ਼ਟ ਆਤਮਾ!
- " ਦੁਸ਼ਟ ਆਤਮਾ ਪ੍ਰਭੂ ਵਲੋਂ" ਕਿਉਂ ਜੋ ਸ਼ਾਊਲ ਪ੍ਰਭੂ ਦਾ ਸੀ ਅਤੇ ਦੁਸ਼ਟ ਆਤਮਾ ਪ੍ਰਭੂ ਦੀ ਇਜ਼ਾਜਤ ਤੋਂ ਬਗੈਰ ਉਸ ਨੂੰ ਛੂ ਨਹੀਂ ਸੀ ਸਕਦਾ ।ਅਤੇ ਉਸ ਕੀਤਾ ।

❖ ਇੱਕ ਦਿਲਚਸਪ ਕਹਾਣੀ

1 **ਸਮੂਏਲ** 19:20–24 ਤਾਂ ਸ਼ਾਊਲ ਨੇ ਦਾਊਦ ਦੇ ਫੜਨ ਲਈ ਹਲਕਾਰੇ ਘੱਲੇ ਅਰ ਉਨ੍ਹਾਂ ਨੇ ਜਾਂ ਡਿੱਠਾ ਭਈ ਇੱਕ ਨਬੀਆਂ ਦੀ ਟੋਲਿ ਹੈ ਅਤੇ ਓਹ ਅਗੰਮ ਵਾਚ ਰਹੇ ਹਨ ਅਤੇ ਸਮੂਏਲ ਉਨ੍ਹਾਂ ਦਾ ਆਗੂ ਬਣ ਕੇ ਖਲੋਤਾ ਹੋਇਆ ਹੈ ਤਾਂ **ਪਰਮੇਸ਼ੁਰ ਦਾ ਆਤਮਾ** ਸ਼ਾਊਲ ਦੇ ਹਲਕਾਰਿਆਂ **ਉੱਤੇ ਆਇਆ** ਅਤੇ ਓਹ ਵੀ **ਅਗੰਮ ਵਾਚਣ** ਲੱਗ ਪਏ ।(21) ਜਾਂ ਸ਼ਾਊਲ ਨੂੰ ਇਹ ਖਬਰ ਅੱਪੜ ਪਈ ਤਾਂ ਉਸ ਨੇ ਹੋਰ ਹਲਕਾਰੇ ਘੱਲੇ ਅਤੇ ਓਹ ਵੀ **ਅਗੰਮ ਵਾਚਣ** ਲੱਗ ਪਏ ਤਾਂ ਸ਼ਾਊਲ ਨੇ ਤੀਜੀ ਵਾਰ ਫੇਰ ਹੋਰ ਹਲਕਾਰੇ ਘੱਲੇ ਅਤੇ **ਓਹ ਵੀ ਅਗੰਮ ਵਾਚਣ** ਲੱਗ ਪਏ ।(22) ਤਦ ਉਹ ਆਪ ਰਾਮਾਹ ਨੂੰ ਗਿਆ ਅਤੇ ਉਸ ਵੱਡੇ ਖੂਹ ਕੋਲ ਜੋ ਸੇਕੂ ਵਿੱਚ ਹੈ ਅੱਪੜ ਪਿਆ ਅਤੇ ਉਸ ਨੇ ਪੁੱਛਿਆ, ਸਮੂਏਲ ਅਤੇ ਦਾਊਦ ਕਿੱਥੇ ਹਨ? ਇੱਕ ਨੇ ਆਖਿਆ, ਵੇਖ, ਓਹ ਤਾਂ ਰਾਮਾਹ ਦੇ ਨਾਯੋਥ ਵਿੱਚ ਹਨ ।(23) ਤਦ ਉਹ ਰਾਮਾਹ ਦੇ ਨਾਯੋਥ ਵੱਲ ਤੁਰਿਆ ਅਤੇ ਪਰਮੇਸ਼ੁਰ ਦਾ ਆਤਮਾ ਉਹ ਦੇ **ਉੱਤੇ** ਵੀ ਆਇਆ ਅਤੇ ਉਹ ਤੁਰਦਿਆਂ ਤੁਰਦਿਆਂ **ਅਗੰਮ ਵਾਚੀ** ਗਿਆ ਐਥੋਂ ਤੋੜੀ ਜੋ ਰਾਮਾਹ ਦੇ ਨਾਯੋਥ ਵਿੱਚ ਅੱਪੜ ਪਿਆ ।(24) ਅਤੇ ਉਸ ਨੇ ਵੀ ਆਪਣੇ ਲੀੜੇ ਲਾਹ ਸੁੱਟੇ ਅਤੇ ਸਮੂਏਲ ਦੇ ਅੱਗੇ ਉੱਸੇ ਤਰਾਂ ਅਗੰਮ ਵਾਚਿਆ ਅਤੇ ਉਸ ਸਾਰੇ ਦਿਨ ਅਤੇ ਸਾਰੀ ਰਾਤ ਵਿੱਚ (ਯਥਾਰਥ:ਗਿਰ ਗਿਆ) ਨੰਗਾ ਪਿਆ ਰਿਹਾ। ਸੋ ਇਹ ਕਹਾਉਤ ਚੱਲ ਪਈ "ਭਲਾ, ਸ਼ਾਊਲ ਵੀ ਨਬੀਆਂ ਵਿੱਚ ਹੈ?"

- ਸਾਨੂੰ ਕੀ ਪ੍ਰਭੂ ਵਲੋਂ ਹੈ ਜਾਂ ਨਹੀਂ ਹੈ ਦਾ ਫੈਸਲਾ ਕਰਣ ਲਈ ਸਾਵਧਾਣ ਹੋਣ ਦੀ ਲੋੜ ਹੈ ਕਿਉਂ ਜੋ ਇੱਹ ਭਿਅੰਕਰ, ਹਲੀਮ ਕਰ ਦੇਨ ਵਾਲਾ ਅਤੇ ਸੱਚਮੁਚ ਪਰੇਸ਼ਾਨੀ ਦਾ ਕਾਰਨ ਹੈ ।
- ਇਹ ਅਗੰਮ ਵਾਕ ਕਰਨ ਦਾ ਅਰਥ ਕੇਵਲ "ਬੋਲਨਾ ਨਾਲੋਂ" ਵਦਕੇ ਕਿਉਂ ਜੋ ਇਹ ਉਨ੍ਹਾਂ ਨੂੰ ਉਨ੍ਹਾਂ ਦੇ ਮਿਸ਼ਨ ਨੂੰ ਪੂਰਾ ਕਰਨ ਤੋਂ ਰੋਕ ਦਿੰਦਾ ਹੈ । ਪਰਮੇਸ਼ੁਰ ਕਿਸੇ ਵੀ ਮਿਸ਼ਨ ਵਿੱਚ ਰੁਕਾਵੱਟ ਪੈਦਾ ਕਰ ਸਕਦਾ ਹੈ

ਜ਼ਬੂਰ 105:15 ਭਈ ਮੇਰੇ ਮਸਹ ਕੀਤੇ ਹੋਇਆ ਨੂੰ ਨਾ ਛੂਹੋ, ਨਾ ਮੇਰੇ ਨਬੀਆਂ ਦੀ ਹਾਣ ਕਰੋ !

ਅੱਯੂਬ 5:12 ਉਹ ਚਲਾਕਾਂ ਦੀਆਂ ਜੁਗਤੀਆਂ ਨੂੰ ਅਕਾਰਥ ਕਰ ਦਿੰਦਾ ਹੈ, ਅਤੇ ਉਨ੍ਹਾਂ ਦੇ ਹੱਥ ਸਫ਼ਲ ਨਹੀਂ ਹੁੰਦੇ ।

ਜ਼ਬੂਰ 33:10 ਯਹੋਵਾਹ ਕੌਮਾਂ ਦੀ ਸਲਾਹ ਨੂੰ ਅਵਿਰਥਾ ਕਰਦਾ, ਲੋਕਾਂ ਦੀਆਂ ਜੁਗਤਾਂ ਨੂੰ ਅਕਾਰਥ ਕਰ ਦਿੰਦਾ ਹੈ ।
**ਤੁਹਾਨੂੰ ਅਪਣੇ ਆਪ** ਨੂੰ ਵੇਖਨਾ ਚਾਹਿਦਾ ਹੈ ਪ੍ਰਭੂ ਦੇ ਏਲਚੀ, ਉਸ ਦੇ ਮਿਸ਼ਨਰੀ, ਅਤੇ ਰੋਜ਼ ਤੁਸੀਂ ਅਪਣ ਮਿਸ਼ਨ ਖੇਤ੍ਰ ਵਿੱਚ ਕੰਮ ਕਰਦੇ ਜਾਂ ਜਿੱਥੇ ਕਿੱਥੇ ਵੀ ਹੋਵੋ ।

ਭਵਿੱਖ ਲਈ ਆਤਮਾ ਦੀ ਪ੍ਰਤਿਗਿਆ:

ਯੋਏਲ 2:28–29 **ਏਹ ਦੇ ਮਗਰੋਂ** ਐਉਂ ਹੋਵੇਗਾ, ਕਿ **ਮੈਂ ਆਪਣਾ ਆਤਮਾ ਸਾਰੇ ਸਰੀਰਾਂ ਉੱਤੇ ਵਹਾਵਾਂਗਾ**, ਅਤੇ ਤੁਹਾਡੇ ਪੁੱਤ੍ਰ ਅਰ ਤੁਹਾਡੀਆਂ ਧੀਆਂ **ਅਗੰਮ ਵਾਕ ਕਰਨਗੇ**, ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ, ਤੁਹਾਡੇ ਜੁਆਨ ਦਰਸ਼ਣ ਵੇਖਣਗੇ ।ਨਾਲੇ ਮੈਂ ਦਾਸਾਂ ਅਰ ਦਾਸੀਆਂ ਉੱਤੇ, **ਉਨ੍ਹੀਂ ਦਿਨੀਂ ਆਪਣਾ ਆਤਮਾ ਵਹਾਵਾਂਗਾ** ।

## -------- ਨਵਾਂ ਨੇਮ: --------

ਪਵਿੱਤ੍ਰ ਆਤਮਾ ਦਰਸ਼ਾਈਆ ਗਿਆ ਹੈ ਜਿਵੇਂ:

ਰੋਮੀਆਂ 8:9 . . . ਪਰਮੇਸ਼ੁਰ ਦਾ ਆਤਮਾ
1 ਪਤਰਸ 1:11 . . . ਮਸੀਹ ਦਾ ਆਤਮਾ
ਰਸੂਲਾਂ ਦੁ ਕਰਤੱਬ 16:7 . . . ਯਿਸੂ ਦਾ ਆਤਮਾ
ਫ਼ਿਲਿੱਪੀਆਂ 1:19 . . . ਯਿਸੂ ਮਸੀਹ ਦਾ ਆਤਮਾ

### ❖ ਯੂਹੰਨਾ ਬਪਤਿਸਮੇ ਵਾਲੇ ਦਾ ਬਿਆਨ

**ਲੂਕਾ** 3:16 ਤਾਂ ਯੂਹੰਨਾ ਨੇ ਸਭਨਾਂ ਨੂੰ ਅੱਗੋਂ ਆਖਿਆ ਕਿ ਮੈਂ ਤਾਂ ਤੁਹਾਨੂੰ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪਰ ਇੱਕ ਮੈਥੋਂ ਬਲਵੰਤ ਆਉਂਦਾ ਹੈ ਜਿਹ ਦੀ ਜੁੱਤੀ ਦਾ ਤਸਮਾ ਮੈਂ ਖੋਲ੍ਹਣ ਦੇ ਜੋਗ ਨਹੀਂ, **ਉਹ ਤੁਹਾਨੂੰ ਪਵਿੱਤ੍ਰ ਆਤਮਾ ਅਰ ਅੱਗ ਨਾਲ ਬਪਤਿਸਮਾ ਦੇਊ** ।

- ਮੂਲ ਯੂਨਾਨੀ ਭਾਸ਼ਾ ਵਿੱਚ ਬੈਪਟਾਈਜ਼ ਸ਼ਬਦ ਦਾ ਅਰਥ ਹੈ – ਉਸ ਵਿੱਚ ਰੱਖਣਾ; ਡੁਬਾ ਦੇਣਾ
- ਪ੍ਰਸੰਗ ਅਨੁੰਸਾਰ "ਅੱਗ" ਲਗਦਾ ਹੈ ਜੋਸ਼, ਸਾਮਰਥਾ ਦੇਣੀ, ਅਤੇ ਅੱਗ ਦੇ ਸ਼ੁਧੀਕਰਣ ਦਾ ਕਮ ਜਿਹੜਾ ਪਵਿੱਤ੍ਰ ਆਤਮਾ ਨਾਲ ਹੁੰਦਾ ਹੈ ਨੂੰ ਦਰਸ਼ਾਉਂਦਾ ਹੈ।

  ਇਬਰਾਨੀਆਂ 1:7 ਅਤੇ ਉਹ ਦੂਤਾਂ ਦੇ ਵਿਖੇ ਆਖਦਾ ਹੈ, ਉਹ ਆਪਣਿਆਂ ਦੂਤਾਂ ਨੂੰ ਹਵਾਵਾਂ (ਯਥਾਰਥ: ਆਤਮਾਵਾਂ), ਅਤੇ ਆਪਣੇ ਉਪਾਸਕਾਂ ਨੂੰ ਅਗਨ ਦੀਆਂ ਲਾਟਾਂ ਬਣਾਉਂਦਾ ਹੈ ।

  ਸੇਵਕ ਉਸ ਦੇ ਦੂਤਾਂ ਲਈ, ਜਾਂ ਸਾਡੇ ਲਈ ਜਾਂ ਦੋਵਾਂ ਲਈ ਕਹ ਸਕਦੇ ਹਣ ।ਪੰਤੇਕੁਸਤ ਦੇ ਦਿਨ ਇਹ "ਅੱਗ ਦੀ ਲਪਟਾਂ" ਹਰੇਕ ਦੇ ਉਤੇ ਸੀ ਅਤੇ ਇਸ ਨੇ ਉਨ੍ਹਾਂ ਸਬਨਾਂ ਨੂੰ ਬਦਲ ਦਿੱਤਾ ਅਤੇ ਸਾਮਰਥਾ ਅਤੇ ਜੋਸ਼ ਨਾਲ ਭਰ ਦਿੱਤਾ । ਉਪਰਲੇ ਕਮਰੇ ਵਿੱਚ ਡਰ ਨਾਲ ਛਿੱਪੇ ਹੋਣ ਤੋਂ ਉਨ੍ਹਾਂ ਦਲੇਰੀ ਨਾਲ ਬਾਹਰ ਗਲਿਆਂ ਵਿੱਚ ਜਾ ਕੇ ਉਹ ਬੋਲੇ: ਇਸ ਲਈ ਸਾਰਾ ਇਸਰਾਏਲ ਦਾ ਘਰਾਨਾ ਜਾਨੇ ਕਿ ਪਰਮੇਸ਼ੁਰ ਨੇ ਉਸ ਨੂੰ ਪ੍ਰਭੁ ਅਤੇ ਮਸੀਹ ਕਰਕੇ ਬਨਾਈਆ ਹੈ – **ਯਿਸੂ ਜਿਸ ਨੂੰ ਤੁਸਾਂ ਸੂਲੀ ਚਾੜ ਦਿੱਤਾ** । ਰਸੂਲਾਂ ਦੇ ਕਰਤੱਬ 2:36

### ❖ ਯਿਸੂ ਦਾ ਪਵਿੱਤ੍ਰ ਆਤਮਾ ਦਾ ਤਜ਼ੁਰਬਾ:

ਯਿਸੂ 30 ਸਾਲਾਂ ਦਾ ਸੀ, ਉਹ ਅਪਣੇ ਧਰਤੀ ਦੇ ਪਿਤਾ ਪ੍ਰਤੀ ਵਫਾਦਾਰ ਸੇਵਕ ਦੀ ਤਰਂਹ ਸੀ । ਹੁਣ ਉਸ ਲਈ ਸਮਾ ਸੀ ਕੀ ਉਹ ਅਪਣੀ ਸੇਵਕਾਈ ਵਿੱਚ ਪ੍ਰਵੇਸ਼ ਕਰੇ:

**ਲੂਕਾ** 3:21-22 ਜਾਂ ਸਾਰੇ ਲੋਕ ਬਪਤਿਸਮਾ ਲੈ ਹਟੇ ਅਰ ਯਿਸੂ ਵੀ **ਬਪਤਿਸਮਾ** ਲੈਕੇ **ਪ੍ਰਾਰਥਨਾ** ਕਰ ਰਿਹਾ ਸੀ ਤਾਂ ਐਉਂ ਹੋਇਆ ਜੋ ਅਕਾਸ਼ ਖੁਲ੍ਹ ਗਿਆ, (22) ਅਤੇ **ਪਵਿੱਤ੍ਰ ਆਤਮਾ** ਦਿਹ ਦਾ ਰੂਪ ਧਾਰ ਕੇ ਕਬੂਤਰ ਦੀ ਨਿਆਈਂ ਉਸ **ਉੱਤੇ** ਉਤਰਿਆ ਅਤੇ ਇੱਕ ਸੁਰਗੀ ਬਾਣੀ ਆਈ, "ਤੂੰ ਮੇਰਾ ਪਿਆਰਾ ਪੁੱਤ੍ਰ ਹੈਂ, ਤੈਥੋਂ ਮੈਂ ਪਰਸਿੰਨ ਹਾਂ"।

- ਉਸ ਦਾ ਬਪਤਿਸਮਾ ਇਕ ਕ੍ਰਿਆ ਸੀ ਵਿਖਾਉਣ ਲਈ ਕਿ ਉਹ ਪੁਰਾਨੇ ਜੀਵਨ ਲਈ ਮਰ ਗਿਆ ਹੈ ਅਤੇ ਹੁਣ ਅਪਣੇ ਪਿਤਾ ਦੇ ਪ੍ਰਤੀ ਸੇਵਾ ਤੇ ਆਗਿਆ ਪਾਲਣ ਲਈ ਸਮਰਪਤ ਹੈ ।ਇਸੇ ਕਰਕੇ ਪਵਿੱਤ੍ਰ ਆਤਮਾ ਦਾ **ਮਸਹ** ਉਸ ਦੇ **ਉਤੇ** ਆਇਆ ।

**ਲੂਕਾ** 4:1,2, ਤਾਂ ਯਿਸੂ **ਪਵਿੱਤ੍ਰ ਆਤਮਾ** ਨਾਲ **ਭਰਪੂਰ** ਹੋ ਕੇ ਯਰਦਨ ਤੋਂ ਮੁੜਿਆ ਅਰ ਆਤਮਾ ਦੀ **ਅਗਵਾਈ** ਨਾਲ (2) ਚਾਲੀਆਂ ਦਿਨਾਂ ਤੋੜੀ ਉਜਾੜ ਵਿੱਚ ਫਿਰਦਾ ਰਿਹਾ ਅਤੇ ਸ਼ਤਾਨ ਉਹ ਨੂੰ ਪਰਤਾਉਂਦਾ ਸੀ

- ਯਿਸੂ ਦਾ ਪਵਿੱਤ੍ਰ ਆਤਮਾ ਵਿੱਚ **ਬਪਤਿਸਮਾ** ਅਤੇ ਫਿਰ ਦੱਸੀਆ ਗਿਆ ਹੈ ਜਿਵੇਂ ਪਵਿੱਤ੍ਰ ਆਤਮਾ ਨਾਲ **ਭਰਪੂਰ** ਇੱਸ ਲਈ ਇਹ ਇੱਕੋ ਘੱਟਨਾ ਨੂੰ ਦਸਦੀ ਹੈ ।

## ਨਤੀਜਾ:

**ਲੂਕਾ** 4:14 ਯਿਸੂ ਆਤਮਾ ਦੀ **ਸ਼ਕਤੀ** ਵਿੱਚ ਗਲੀਲ ਨੂੰ ਮੁੜਿਆ ਅਰ ਉਹ ਦਾ ਜਸ ਸਾਰੇ ਇਲਾਕੇ ਵਿੱਚ ਖਿੰਡ ਗਿਆ ।

- ਪ੍ਰਭੂ ਪ੍ਰਤੀ ਆਗਿਆ ਪਾਲਣ ਅਤੇ ਸ਼ਤਾਨ ਦਿਆਂ ਅਜਮਾਈਸ਼ਾਂ ਨੂੰ "ਨਾ" ਕਹਨਾ - **ਤੁਹਾਨੂੰ ਪਵਿੱਤ੍ਰ ਆਤਮਾ ਦੇ ਸਾਮਰਥਾ** ਵਿੱਚ ਰੱਖਦੀ ਹੈ! ਰਸੂਲਾਂ ਦੇ ਕਰਤੱਬ 5:32

6.

## ❖ ਯਿਸੂ ਸਮੱਝਾਉਂਦੇ ਹਣ ਕੀ ਪਵਿੱਤ੍ਰ ਆਤਮਾ ਉਨ੍ਹਾਂ ਦੇ ਉਤੇ ਕਿਉਂ ਹੈ:

**ਲੂਕਾ** 4:18-19 ਪ੍ਰਭੂ ਦਾ ਆਤਮਾ ਮੇਰੇ **ਉੱਤੇ** ਹੈ, ਇਸ ਲਈ ਜੋ ਉਹ ਨੇ **ਮੈਨੂੰ ਮਸਹ ਕੀਤਾ** ਭਈ ਗਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ ।ਉਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪਰਚਾਰ ਕਰਾਂ, ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ, (19) ਅਤੇ ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ ਪਰਚਾਰ ਕਰਾਂ।

- ਯਿਸੂ ਮਸੀਹ ਨੇ ਹੁਣ ਸਾਨੂੰ ਅਪਨਾ ਮਿਸ਼ਨ ਦੇ ਦਿੱਤਾ ਹੈ (ਯੂਹੰਨਾ 20:21)।
- ਪਵਿੱਤ੍ਰ ਆਤਮਾ ਦਾ ਇਹ ਮੁੱਖ ਉਦੇਸ ਹੈ ਕਿਸੇ ਉਤੇ ਆਉਨਾ ਅਤੇ ਸਾਮਰਥਾ ਦੇਨੀ - ਤਾਂ ਜੋ ਉਹ ਮਿਸ਼ਨੇਰੀ ਬਣੇ / ਇੱਕ ਗਵਾਕ / ਉਸ ਦਾ ਸੇਵਕ ।

## ❖ ਯਿਸੂ ਦੀ ਪਵਿੱਤ੍ਰ ਆਤਮਾ ਤੇ ਸਿੱਖਿਆ

**ਯੂਹੰਨਾ** 7:37-39 ਪਿਛਲੇ ਦਿਨ ਜਿਹੜਾ ਤਿਉਹਾਰ ਦਾ ਵੱਡਾ ਦਿਨ ਸੀ ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ ਭਈ **ਜੇ ਕੋਈ** ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ । **ਜੋ** ਕੋਈ ਮੇਰੇ ਉੱਤੇ **ਨਿਹਚਾ** ਕਰਦਾ ਹੈ ਲਿਖਤ ਅਨੁਸਾਰ **ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ** ।

- ਜੋ ਕੋਈ ਨਿਹਚਾ ਕਰਦਾ - ਜਿਨ੍ਹਾ ਤੁਸੀਂ ਪੀਉਗੇ, ਉਨ੍ਹਾ ਹੀ ਜੀਵਨ ਦੀ ਨਦੀ ਤੁਹਾਡੇ ਅੰਦਰੋਂ ਦੁੱਜਿਆਂ ਲਈ ਵਗੇਗੀ । ਇੱਹ ਮਸਹ / **ਪਵਿੱਤ੍ਰ ਆਤਮਾ** ਦੀ ਸ਼ਕਤੀ ਉਤੇ ਹੈ ਹਰੇਕ ਦੇ ਜਿੱਹੜਾ ਆਵੇਗਾ / ਪੀਵੇਗਾ / ਉਸ ਦੀ ਆਗਿਆ ਪਾਲਣ ਤੇ ਸੇਵਾ ਕਰੇਗਾ ।

ਪਰ ਇਹ ਉਸ ਨੇ **ਆਤਮਾ** ਬਾਰੇ ਆਖਿਆ ਸੀ, ਉਨ੍ਹਾਂ ਨੂੰ ਜਿਹੜੇ ਉਸ ਉਤੇ ਨਿਹਚਾ ਕਰਣਗੇ **ਮਿਲੇਗਾ;** ਕਿਉਂ ਜੋ ਅਜੇ **ਪਵਿੱਤ੍ਰ ਆਤਮਾ ਦਿੱਤਾ ਨਾ ਗਿਆ ਸੀ,** ਕਿਉਂ ਜੋ ਅਜੇ ਯਿਸੂ ਨੇ ਮਹਿਮਾ ਪ੍ਰਾਪਤ ਨਾ ਕਿਤੀ ਸੀ ।(ਯਸਾਯਾਹ 44:3; 55:1; 58:11)

- ਅਜੇ ਦਿੱਤਾ ਨਾ ਗਿਆ ? ਅਸੀਂ ਪੁਰਾਨੇ ਨੇਮ ਵਿੱਚੋਂ ਵੇਖਿਆ ਹੈ ਕਿ ਉਹ ਕਈਆਂ ਤੇ ਆਈਆ ।ਇਸ ਦਾ ਕੀ ਅੱਰਥ ਹੈ, "ਅਜੇ ਦਿੱਤਾ ਨਾ ਗਿਆ?"

**ਯੂਹੰਨਾ** 16:7 ਪਰ ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਮੇਰਾ ਜਾਣਾ ਹੀ **ਤੁਹਾਡੇ ਲਈ ਚੰਗਾ ਹੈ** ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ **ਪਰ ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ ।** ਇਕ ਵਾਦਾ

- ਯਿਸੂ ਨੂੰ ਪਹਿਲਾਂ ਪਾਪ ਦੀ ਸਮਸਿਆ ਦਾ ਸੂਲੀ ਉਤੇ ਹੱਲ ਕਰਨਾ ਸੀ (2ਕੁਰਿੰਥੀਆਂ5:21) ਅਤੇ ਦੂਜਾ, ਮਹਿਮਾ ਨੂੰ ਹਾਸਲ ਕਰਨਾ ਇਸ ਤੋਂ ਪਹਿਲਾਂ ਕੀ ਉਹ ਪਵਿੱਤ੍ਰ ਆਤਮਾ ਭੇਜਦਾ ਉਹ ਕਿਸੇ "**ਵਿੱਚ**" ਹੋਵੇ ।

**ਯੂਹੰਨਾ** 16:13-15 ਪਰ ਜਦ ਉਹ, ਅਰਥਾਤ **ਸਚਿਆਈ ਦਾ ਆਤਮਾ**, ਆਵੇ, ਤਦ **ਉਹ** ਸਾਰੀ ਸਚਿਆਈ ਵਿੱਚ ਤੁਹਾਡੀ **ਅਗਵਾਈ ਕਰੇਗਾ; . . .** ਅਤੇ **ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ** ।(14) **ਉਹ ਮੇਰੀ ਵਡਿਆਈ ਕਰੇਗਾ**, ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ ।

**ਯੂਹੰਨਾ** 14:26 ਪਰ ਉਹ ਸਹਾਇਕ, ਅਰਥਾਤ ਪਵਿੱਤ੍ਰ ਆਤਮਾ, ਜਿਹ ਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਸੋ **ਤੁਹਾਨੂੰ** ਸੱਭੋ ਕੁਝ **ਸਿਖਾਲੇਗਾ** ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ **ਤੁਹਾਨੂੰ ਚੇਤੇ ਕਰਾਵੇਗਾ** ।

- ਸਾਨੂੰ ਸ਼ਿਕਸ਼ਕ ਦੀ ਬੜੀ ਲੋੜ ਹੈ!
- ਸਾਨੂੰ ਪਵਿੱਤ੍ਰ ਆਤਮਾ ਦੇ ਨਾਲ ਨਜ਼ਦੀਕੀ ਦਾ ਰਿਸ਼ਤਾ ਬਨਾਉਨਾ ਚਾਹਿਦਾ ਹੈ
- ਸਾਨੂੰ ਉਸ ਤੇ ਕੰਨ ਲਾਉਨੇ ਅਤੇ ਉਸ ਦੀ ਅਵਾਜ਼ ਨੂੰ ਸੁਣਨਾ ਸਿੱਖਨਾ ਚਾਹਿਦਾ ਹੈ ।

**ਯੂਹੰਨਾ** 15:26-27 ਪਰ ਜਾਂ ਉਹ **ਸਹਾਇਕ** ਆਵੇ, ਜਿਹ ਨੂੰ **ਮੈਂ ਤੁਹਾਡੇ ਕੋਲ** ਪਿਤਾ ਦੀ ਵੱਲੋਂ **ਘੱਲਾਂਗਾ** ਅਰਥਾਤ **ਸਚਿਆਈ** ਦਾ ਆਤਮਾ ਜਿਹੜਾ ਪਿਤਾ ਵੱਲੋਂ ਨਿੱਕਲਦਾ ਹੈ ਤਾਂ **ਉਹ ਮੇਰੇ ਹੱਕ ਵਿੱਚ ਸਾਖੀ ਦੇਵੇਗਾ** । ਅਤੇ **ਤੁਸੀਂ ਵੀ ਗਵਾਹ ਹੋ**, ਕਿਉਂਕਿ ਤੁਸੀਂ ਮੁੱਢੋਂ ਮੇਰੇ ਨਾਲ ਰਹੇ ਹੋ ।

- ਜੇ ਤੁਸੀਂ "ਆਤਮਾ ਦੇ ਅਨੁੰਸਾਰ" ਚੱਲ ਰਹੇ ਹੋ (ਗਲਾਤੀਆਂ 5:16) ਤੁਸੀਂ ਕੇਵਲ **ਸੱਚ** ਬੋਲੋਗੇ, ਅਤੇ ਤੁਸੀਂ ਲਗਾਤਾਰ **ਯਿਸੂ** ਦੀ ਗਵਾਹੀ **ਦੇਵੋਗੇ** ।
- ਨਵਾਂ ਨੇਮ ਪਵਿੱਤ੍ਰ ਆਤਮਾ ਦੀ ਪ੍ਰੇਰਨਾ ਨਾਲ ਲਿਖਿਆ ਗਿਆ - ਆਦਮੀ, ਜਿਹੜੇ ਸ਼ੁਰੂ ਤੋਂ ਯਿਸੂ ਦੇ ਨਾਲ ਸਨ, ਸੱਚ ਬੋਲਦੇ ਹੋਏ ।ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ 2 ਤਿਮੋਥਿਉਸ 3:16

**ਯੂਹੰਨਾ** 14:12 ਮੈਂ ਤੁਹਾਨੂੰ ਸੱਚ, ਸੱਚ ,ਆਖਦਾ ਹਾਂ, ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ, ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ, **ਉਹ ਭੀ ਕਰੇਗਾ;** ਸਗੋਂ ਇਨ੍ਹਾਂ ਨਾਲੋਂ **ਵੱਡੇ ਕੰਮ** ਕਰੇਗਾ; ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ ।

- ਦੁਨਿਯਾ ਨੂੰ ਵੇਖਨ ਦੀ ਲੋੜ ਹੈ ਆਦਮੀ ਤੇ ਔਰਤਾਂ ਨੂੰ ਪਵਿੱਤ੍ਰ ਆਤਮਾ ਅਤੇ ਸਾਮਰਥਾ ਨਾਲ ਭਰਪੂਰ, ਸੁਣਨਾ, ਆਗਿਆ ਪਾਲਣ, ਗਵਾਹੀ ਦਿੰਦੇ, ਕੰਮ ਕਰਦੇ, ਯਿਸੂ ਦੀ ਸੇਵਕਾਈ ਜਿਵੇਂ ਲੁਕਾ 4:18 ਵਿੱਚ ।

**ਯੂਹੰਨਾ** 14:16 ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ, ਅਰ **ਉਹ ਤੁਹਾਨੂੰ** ਦੂਜਾ ਸਹਾਇਕ **ਬਖ਼ਸ਼ੇਗਾ** ,ਭਈ **ਉਹ ਸਦਾ ਤੁਹਾਡੇ ਸੰਗ ਰਹੇ;** (17) ਅਰਥਾਤ **ਸਚਿਆਈ ਦਾ ਆਤਮਾ**, ਜਿਹ ਨੂੰ ਜਗਤ ਨਹੀਂ ਪਾ ਸੱਕਦਾ ਕਿਉਂ ਜੋ ਉਹ ਉਸ ਨੂੰ ਵੇਖਦਾ ਨਹੀਂ, ਨਾ ਉਸ ਨੂੰ ਜਾਣਦਾ ਹੈ ।ਤੁਸੀਂ ਉਸ ਨੂੰ ਜਾਣਦੇ ਹੋ ਕਿਉਂਕਿ ਉਹ **ਤੁਹਾਡੇ ਸੰਗ** ਰਹਿੰਦਾ ਹੈ ਅਤੇ **ਤੁਹਾਡੇ ਵਿੱਚ ਹੋਵੇਗਾ** ।

- ਪਵਿੱਤ੍ਰ ਆਤਮਾ ਚੇਲਿਆਂ ਦੇ **"ਅੰਦਰ" ਨਹੀਂ ਸੀ** !
- ਉਨ੍ਹਾਂ ਦਾ ਨਵਾਂ ਜਨਮ **ਨਹੀਂ** ਸੀ ਹੋਇਆ ! ਪਾਪ ਹੱਲੇ ਹਟਾਇਆ ਨਹੀਂ ਗਿਆ ਸੀ ।
- ਇਹ ਉਨ੍ਹਾਂ ਦੇ ਸਾਰੇ ਪ੍ਰਸ਼ਨਾਂ ਨੂੰ ਸਮੱਝਾਉਂਦਾ ਹੈ, ਜਿਵੇਂ ਕੀ: "ਉਹ ਕਿਹੜੀ ਗੱਲ ਕਰ ਰਿਹਾ ਹੈ?"

1 **ਕੁਰਿੰਥੀਆਂ** 2:14 ਪਰ **ਪ੍ਰਾਣਿਕ ਮਨੁੱਖ** ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਉਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸੱਕਦਾ ਇਸ ਲਈ ਜੋ ਆਤਮਕ ਰੀਤ ਨਾਲ ਉਨ੍ਹਾਂ ਦੀ ਜਾਚ ਕਰਦੀ ਹੈ ।

ਜਦ ਤਕ ਇੱਕ ਵਿਅਕਤੀ ਦਾ ਨਵਾਂ ਜਨਮ ਨਹੀਂ ਹੋ ਜਾਂਦਾ ਓਤੇ ਪਵਿੱਤ੍ਰ ਆਤਮਾ ਉਸ "**ਵਿੱਚ**", ਉਹ "ਪ੍ਰਾਣਿਕ ਮਨੁੱਖ" ਹੈ ਅਤੇ ਆਤਮਕ ਗਲਾਂ ਨਹੀਂ ਸਮੱਝ ਸਕਦਾ ।

## ਇਸ ਲਈ, ਚੇਲਿਆਂ ਦਾ ਨਵਾਂ ਜਨਮ ਕਦੋਂ ਹੋਇਆ?

❖ ਉੱਤਰ: ਜੀ ਉਠੱਣ ਵਾਲਾ ਦਿਨ

---

**ਯੂਹੰਨਾ** 20:21-22 ਤਦ ਯਿਸੂ ਨੇ ਫੇਰ ਉਨ੍ਹਾਂ ਨੂੰ ਆਖਿਆ, "ਤੁਹਾਡੀ ਸ਼ਾਂਤੀ ਹੋਵੇ; **ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ ਮੈਂ ਵੀ ਤੁਹਾਨੂੰ ਘੱਲਦਾ ਹਾਂ** ।

- ਪਿਤਾ ਨੇ ਪੁਤ੍ਰ ਨੂੰ ਕਿਵੇਂ ਭੇਜਿਆ?
  - ਆਤਮਾ ਤੋਂ ਜੰਮਿਆ
  - ਅਭਿਸ਼ਿਕੱਤ ਅਤੇ ਸਮਰਥਾ ਪਵਿੱਤ੍ਰ ਆਤਮਾ ਰਾਹੀ ਉਸ ਦੇ ਉਤੇ

ਹਵਾਲਾ 22. ਉਸ ਨੇ ਇਹ ਕਹਿ ਕੇ, **ਉਨ੍ਹਾਂ ਉੱਤੇ ਫੂਕ ਮਾਰੀ ਅਤੇ ਕਿਹਾ: "ਤੁਸੀਂ ਪਵਿੱਤ੍ਰ ਆਤਮਾ ਲਓ"** ।

- "**ਲਓ**" (ਕਿਰਿਆਸ਼ੀਲ, ਆਦੇਸ਼ਾਤਮਕ) ਇਕ ਆਗਿਆ ਹੈ ਉਸੇ ਵੇਲੇ ਉਸੇ ਵਕਤ ਲਓ ।
- **ਪਾਪ ਸ਼ਮਾ ਕੀਤਾ ਗਿਆ ਹੈ ਤੇ ਹਟਾ ਦਿੱਤਾ** ਗਿਆ ਹੈ, **ਹੁਣ** ਪਵਿੱਤ੍ਰ ਆਤਮਾ ਵਿਸ਼ਵਾਸੀਆਂ **ਵਿੱਚ** ਵਸ ਸਕਦਾ ਹੈ ।
- ਪਵਿਤ੍ਰ ਲੇਖਾਂ ਵਿੱਚ ਹੋਰ ਕਿਥੇ ਪ੍ਰਭੂ ਆਦਮੀ ਤੇ ਫੂਕ ਮਾਰਦਾ ਹੈ?
  (ਆਦਮ: ਉਤਪਤ 2:7)
- ਵਿਸ਼ਵਾਸੀਆਂ ਦਾ **ਨਵਾਂ ਜਨਮ ਜੀ ਉੱਠਣ ਵਾਲੇ ਦਿਨ** ਹੋਇਆ ।

## ❖ ਜੀ ਉੱਠਣ ਵਾਲੇ ਦਿਨ ਦੀ ਤੁਲਨਾ ਕਰੋ ਜਿਵੇਂ ਲੂਕਾ ਨੇ ਰਿਕਾਰਡ ਕਿਤਾ ਹੈ

ਲੂਕਾ 24:45 ਤਦ ਉਸ ਨੇ **ਉਨ੍ਹਾਂ ਦੀ ਬੁੱਧ ਖੋਲ੍ਹ ਦਿੱਤੀ** ਜੋ ਪੁਸਤਕਾਂ ਨੂੰ ਸਮਝ ਲੈਣ ।

- ਉਨ੍ਹਾਂ ਦੀ ਬੁੱਧ ਖੁਲ੍ਹ ਗਈ ਜਦੋਂ ਪਵਿੱਤ੍ਰ ਆਤਮਾ **ਉਨ੍ਹਾਂ ਵਿੱਚ** ਆਈਆ:
    - ਫਿਰ ਉਨ੍ਹਾਂ ਦਾ **ਨਵਾਂ ਜਨਮ** ਹੋਈਆ
    - ਹੁਣ ਉਨ੍ਹਾਂ ਕੋਲ ਆਤਮਕ ਸਮਝ ਹੈ
    - ਇਹ ਦੇ ਬਾਰੇ ਦਸਿਆ ਹੈ: ਯਿਰਮਿਯਾਹ 31:33-34; ਹਿਜ਼ਕੀਏਲ 36:26

ਯਿਰਮਿਯਾਹ 31:33-34 ਏਹ ਉਹ **ਨੇਮ** ਹੈ . . . ਮੈਂ ਆਪਣੀ ਬਿਵਸਥਾ ਨੂੰ ਓਹਨਾਂ ਦੇ **ਅੰਦਰ** ਰੱਖਾਂਗਾ ਅਤੇ ਓਹਨਾਂ ਦੇ ਦਿਲਾਂ ਉੱਤੇ ਲਿਖਾਂਗਾ; ਮੈਂ ਓਹਨਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ ਓਹ ਮੇਰੀ ਪਰਜਾ ਹੋਣਗੇ ।(34) . . . ਓਹ ਸਾਰੇ **ਮੈਨੂੰ ਜਾਣ** ਲੈਣਗੇ, . . . ਕਿਉਂ ਜੋ ਮੈਂ ਓਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ, ਅਤੇ ਓਹਨਾਂ ਦੇ ਪਾਪ ਫੇਰ ਚੇਤੇ ਨਾ ਕਰਾਂਗਾ ॥

ਹਿਜ਼ਕੀਏਲ 36:26-27 ਅਤੇ **ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ** ਅਤੇ **ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ**; ਅਤੇ ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖ਼ਸ਼ਾਂਗਾ ।(27) ਅਤੇ **ਮੈਂ ਆਪਣਾ ਆਤਮਾ ਤੁਹਾਡੇ ਵਿੱਚ ਦਿਆਂਗਾ** ਅਤੇ ਤੁਹਾਨੂੰ ਆਪਣੀਆਂ ਬਿਧੀਆਂ ਉੱਤੇ ਚਲਾਵਾਂਗਾ ਅਤੇ ਤੁਸੀਂ ਮੇਰੇ ਨਿਆਂਵਾਂ ਦੀ ਪਾਲਨਾ ਕਰੋਗੇ ਅਤੇ ਉਨ੍ਹਾਂ ਤੇ ਅਮਲ ਕਰੋਗੇ ।

## ❖ ਪਵਿੱਤ੍ਰ ਆਤਮਾ ਹਰ ਵਿਸ਼ਵਾਸੀ ਦੇ "**ਅੰਦਰ**" ਹੈ

ਰੋਮੀਆਂ ਨੂੰ 8:9-11 ਪਰ ਤੁਸੀਂ ਸਰੀਰਕ ਨਹੀਂ ਸਗੋਂ ਆਤਮਕ ਹੋ ਪਰ ਤਦੇ ਜੇ **ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੋਵੇ** ਪਰੰਤੂ ਜਿਹ ਦੇ ਵਿੱਚ ਮਸੀਹ ਦਾ ਆਤਮਾ ਨਹੀਂ ਹੈ ਉਹ ਓਹ ਦਾ ਨਹੀਂ ਹੈ ।(10) ਪਰ ਜੇ ਮਸੀਹ ਤੁਹਾਡੇ ਵਿੱਚ ਹੈ ਤਾਂ ਦੇਹੀ ਪਾਪ ਦੇ ਕਾਰਨ ਮਰ ਗਈ ਪਰ ਆਤਮਾ ਧਰਮ ਦੇ ਕਾਰਨ ਜੀਵਤ ਹੈ ।(11) ਅਤੇ ਜੇ ਉਹ ਦਾ ਆਤਮਾ ਜਿਹ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤੁਹਾਡੇ **ਵਿੱਚ** ਵੱਸਦਾ ਹੈ ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ **ਵਿੱਚ** ਵੱਸਦਾ ਹੈ ਤੁਹਾਡੀਆਂ ਮਰਨਹਾਰ ਦੇਹੀਆਂ ਨੂੰ ਵੀ ਜਿਵਾਏਗਾ ।

## ❖ ਪਵਿੱਤ੍ਰ ਆਤਮਾ ਉਨ੍ਹਾਂ **ਉਤੇ**:

ਲੂਕਾ 24:47 ਅਤੇ ਯਰੂਸ਼ਲਮ ਤੋਂ ਲੈ ਕੇ ਸਾਰੀਆਂ ਕੌਮਾਂ ਵਿੱਚ ਉਹ ਦੇ ਨਾਮ ਉੱਤੇ ਤੋਬਾ ਅਰ ਪਾਪਾਂ ਦੀ ਮਾਫ਼ੀ ਦਾ **ਪਰਚਾਰ** ਕੀਤਾ ਜਾਵੇਗਾ ।

## ਉਨ੍ਹਾਂ ਨੂੰ ਮਹਾਨ ਆਗਿਆ ਦਿੱਤੀ ਗਈ

**ਲੂਕਾ** 24:49 ਅਤੇ ਵੇਖੋ, ਮੈਂ ਆਪਣੇ ਪਿਤਾ **ਦਾ ਕਰਾਰ ਤੁਹਾਡੇ ਉੱਤੇ** ਘੱਲਦਾ ਹਾਂ ਪਰ **ਜਦ ਤੀਕਰ** ਤੁਸੀਂ ਉੱਪਰੋਂ **ਸ਼ਕਤੀ ਨਾ ਪਾਓ** ਸ਼ਹਿਰ ਵਿੱਚ ਰਹੋ ।

- ਉਨ੍ਹਾਂ ਦਾ ਨਵਾਂ ਜਨਮ ਹੋਇਆ
- ਉਨ੍ਹਾਂ ਨੂੰ ਮਹਾਨ ਆਗਿਆ ਦਿੱਤੀ ਗਈ . . . ਪਰ
- ਉਹ ਸੇਵਕਾਈ ਲਈ ਤਿਆਰ ਨਹੀਂ ਸੀ
- ਉਨ੍ਹਾਂ ਦਾ ਮਸਹ ਨਹੀਂ ਸੀ ਹੋਇਆ / ਬੱਪਤਿਸਮਾ / ਸ਼ਕਤੀ ਪ੍ਰਦਾਨ

ਰਸੂਲਾਂ ਦੇ ਕਰਤੱਬ ਕਿਸ ਨੇ ਲਿੱਖੇ? – ਡਾ. ਲ਼ੂਕਾ – ਇੱਸ ਲਈ ਅਸੀਂ ਰਸੂਲਾਂ ਦੇ ਕਰਤੱਬ ਕੱਢ ਕੇ ਪੜਨਾ ਸ਼ੁਰੂ ਕਰ ਸਕਦੇ ਹਾਂ ।

**ਰਸੂਲਾਂ ਦੇ ਕਰਤੱਬ** 1:1-5 ਹੇ ਥਿਉਫ਼ਿਲੁਸ, ਮੈਂ ਉਹ ਪਹਿਲੀ ਪੋਥੀ ਉਨ੍ਹਾਂ ਸਾਰੀਆਂ ਗੱਲਾਂ ਦੇ ਵਿਖੇ ਉਚਰੀ ਜਿਹੜੀਆਂ ਯਿਸੂ ਕਰਨ ਅਤੇ ਸਿਖਾਉਣ ਲੱਗਾ ।(2) ਉਸ ਦਿਨ ਤੀਕੁਰ ਕਿ ਉਹ ਉਨ੍ਹਾਂ ਰਸੂਲਾਂ ਨੂੰ ਜਿਹੜੇ ਉਸ ਨੇ ਚੁਣੇ ਸਨ ਪਵਿੱਤ੍ਰ ਆਤਮਾ ਦੇ ਰਾਹੀਂ ਹੁਕਮ ਦੇ ਕੇ ਉਤਾਹਾਂ ਉਠਾ ਲਿਆ ਗਿਆ । (3) ਉਸ ਨੇ ਆਪਣੇ ਦੁੱਖ ਭੋਗਣ ਦੇ ਮਗਰੋਂ ਆਪ ਨੂੰ ਉਨ੍ਹਾਂ ਉੱਤੇ ਬਹੁਤਿਆਂ ਪਰਮਾਣਾਂ ਨਾਲ ਜੀਉਂਦਾ ਪਰਗਟ ਕੀਤਾ ਕਿ ਉਹ **ਚਾਹਲੀਆਂ ਦਿਨਾਂ** ਤੀਕੁ ਉਨ੍ਹਾਂ ਨੂੰ ਦਰਸ਼ਣ ਦਿੰਦਾ ਅਤੇ ਪਰਮੇਸ਼ੁਰ ਦੇ ਰਾਜ ਦੀਆਂ ਗੱਲਾਂ ਕਰਦਾ ਰਿਹਾ

- ❖ **ਚਾਲੀ ਦਿਨਾਂ ਦਾ ਬਾਈਬਲ ਸਕੂਲ!** ਉਹ ਤਿਨ ਸਾਲਾਂ ਤੋਂ ਯਿਸੂ ਦੇ ਨਾਲ ਸਨ, ਪਰ ਕੇਵਲ ਹੁਣ ਉਹ ਸਮਝ ਸਕਦੇ ਸਨ ਕਿਉਂਕੀ ਹੁਣ ਪਵਿੱਤ੍ਰ ਆਤਮਾ ਉਨ੍ਹਾਂ ਦੇ **ਅੰਦਰ** ਸੀ ।

(4) ਅਰ ਉਨ੍ਹਾਂ ਦੇ ਨਾਲ ਇਕੱਠੇ ਹੋ ਕੇ ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਭਈ ਯਰੂਸ਼ਲਮ ਤੋਂ ਬਾਹਰ ਨਾ ਜਾਓ, ਪਰ ਪਿਤਾ ਦੇ ਉਸ ਕਰਾਰ ਦੀ ਉਡੀਕ ਵਿੱਚ ਰਹੋ ਜਿਹ ਦੇ ਵਿਖੇ ਤੁਸਾਂ ਮੈਥੋਂ ਸੁਣਿਆ; (5) ਕਿਉਂ ਜੋ ਯੂਹੰਨਾ ਨੇ ਤਾਂ ਪਾਣੀ ਨਾਲ ਬਪਤਿਸਮਾ ਦਿੱਤਾ ਪਰ ਥੋੜੇ ਦਿਨਾਂ ਪਿੱਛੋਂ **ਤੁਹਾਨੂੰ ਪਵਿੱਤ੍ਰ ਆਤਮਾ ਨਾਲ ਬਪਤਿਸਮਾ** ਦਿੱਤਾ ਜਾਵੇਗਾ ।

**ਰਸੂਲਾਂ ਦੇ ਕਰਤੱਬ** 1:8 ਪਰ ਜਾਂ ਪਵਿੱਤ੍ਰ ਆਤਮਾ ਤੁਹਾਡੇ **ਉੱਤੇ** ਆਵੇਗਾ ਤਾਂ **ਤੁਸੀਂ ਸ਼ਕਤੀ** ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਆ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕਰ ਮੇਰੇ ਗਵਾਹ ਹੋਵੋਗੇ ।

## ❖ ਨਤੀਜੇ ਅਤੇ ਸਪੱਸ਼ਟੀਕਰਣ

**ਰਸੂਲਾਂ ਦੇ ਕਰਤੱਬ** 2:1-13 ਜਾਂ ਪੰਤੇਕੁਸਤ ਦਾ ਦਿਨ ਆਇਆ ਉਹ ਸਭ ਇੱਕ ਥਾਂ ਇਕੱਠੇ ਸਨ ।(2) ਅਰ ਅਚਾਨਕ ਅਕਾਸ਼ ਤੋਂ ਇੱਕ ਗੂੰਜ ਆਈ ਜਿਹੀ ਵੱਡੀ ਭਾਰੀ ਅਨ੍ਹੇਰੀ ਦੇ ਵਗਣ ਦੀ ਹੁਮਦਿ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਉਹ ਬੈਠੇ ਸਨ ਭਰ ਗਿਆ ।(3) ਅਰ ਉਨ੍ਹਾਂ ਨੂੰ **ਅੱਗ** ਜਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਉਹ ਉਨ੍ਹਾਂ ਵਿੱਚੋਂ ਹਰੇਕ ਉੱਤੇ ਠਹਿਰੀਆਂ । (4) ਤਦ ਉਹ ਸੱਭੇ ਪਵਿੱਤ੍ਰ ਆਤਮਾ ਨਾਲ **ਭਰ** ਗਏ ਅਤੇ ਹੋਰ **ਬੋਲੀਆਂ ਬੋਲਣ ਲੱਗ ਪਏ** ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ ।(5) ਹਰੇਕ **ਦੇਸ** ਵਿੱਚੋਂ ਜੋ ਅਕਾਸ਼ ਦੇ ਹੇਠ ਹੈ ਯਹੂਦੀ ਭਗਤ ਲੋਕ ਯਰੂਸ਼ਲਮ ਵਿੱਚ ਵੱਸਦੇ ਸਨ ।(6) ਸੋ ਜਾਂ ਇਹ ਅਵਾਜ਼ ਆਈ ਤਾਂ ਭੀੜ ਲੱਗ ਗਈ ਅਤੇ ਲੋਕ ਹੱਕੇ ਬੱਕੇ ਰਹਿ ਗਏ ਕਿਉ/ਨ ਜੋ ਹਰੇਕ ਨੇ ਉਨ੍ਹਾਂ ਨੂੰ **ਆਪਣੀ ਆਪਣੀ ਬੋਲੀ ਬੋਲਦੇ ਸੁਣਿਆ** ।ਉਹ ਅਚਰਜ ਰਹਿ ਗਏ ਅਰ ਹੈਰਾਨ ਹੋਕੇ ਕਹਿਣ ਲੱਗੇ, ਵੇਖੋ ਏਹ ਸਭ ਜਿਹੜੇ ਬੋਲਦੇ ਹਨ ਕੀ ਗਲੀਲੀ ਨਹੀਂ ? (8) ਫੇਰ ਕਿੱਕੁਰ ਹਰੇਕ ਸਾਡੇ ਵਿੱਚੋਂ ਆਪੋ ਆਪਣੀ ਜਨਮ ਭੂਮ ਦੀ ਭਾਖਿਆ ਸੁਣਦਾ ਹੈ? (11) ਅਤੇ ਕਰੇਤੀ ਅਤੇ ਅਰਬੀ ਹਾਂਗੇ ਉਨ੍ਹਾਂ ਨੂੰ **ਆਪਣੀ ਆਪਣੀ ਭਾਖਿਆ ਵਿੱਚ** ਪਰਮੇਸ਼ੁਰ ਦੇ ਵੱਡੇ ਵੱਡੇ ਕੰਮਾ ਦਾ ਵਖਾਣ ਕਰਦਿਆਂ ਸੁਣਦੇ ਹਾਂ!

## ❖ ਤਿਨ ਪ੍ਰਕਾਰ ਦੀ ਭਾਖਿਆ:

### 1. ਇੱਕ ਐਸੀ ਭਾਖਿਆ ਨੂੰ ਬੋਲਣ ਦਾ ਚਮੱਤਕਾਰ ਜਿਸ ਨੂੰ ਤੁਸੀਂ ਨਹੀਂ ਜਾਣਦੇ ।

**1 ਕੁਰਿੰਥੀਆਂ** 14:20-22 ਸ਼ਰਾ ਵਿੱਚ ਲਿਖਿਆ ਹੋਇਆ ਹੈ, "ਜੋ ਪ੍ਰਭੂ ਆਖਦਾ ਹੈ ਭਈ ਮੈਂ ਪਰਾਈਆਂ ਭਾਖਿਆਂ ਦੇ ਬੋਲਣ ਵਾਲਿਆਂ ਅਤੇ ਓਪਰਿਆਂ ਦਿਆਂ ਬੁੱਲ੍ਹਾਂ ਦੇ ਰਾਹੀਂ ਇਨ੍ਹਾਂ ਲੋਕਾਂ ਨਾਲ ਬੋਲਾਂਗਾ, . . ," (22) ਸੋ **ਪਰਾਈਆਂ ਭਾਖਿਆਂ** ਨਿਹਚਾਹੀਣਾਂ ਲਈ ਨਹੀਂ ਸਗੋਂ **ਨਿਹਚਾਹੀਣਾਂ ਲਈ** ਇੱਕ ਨਿਸ਼ਾਨੀ ਦੇ ਲਈ ਹਨ

- ਇਹੋ ਪੰਤੇਕੁਸਤ ਵਾਲੇ ਦਿਨ ਹੋਇਆ । ਰਸੂਲਾਂ ਦੇ ਕਰਤੱਬ 2:4-11

### 2. ਤੁਹਾਡੇ ਅੰਦਰ ਪਵਿੱਤ੍ਰ ਆਤਮਾ ਰਾਹੀ ਇਕ ਪ੍ਰਾਰਥਨਾ ਭਾਖਿਆ, ਯਿਸੂ ਲਈ ।

**1 ਕੁਰਿੰਥੀਆਂ** 14:2 ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ ਮਨੁੱਖਾਂ ਨਾਲ ਨਹੀਂ ਸਗੋਂ ਪਰਮੇਸ਼ੁਰ ਨਾਲ **ਬੋਲਦਾ** ਹੈ ਇਸ ਲਈ ਕਿ ਕੋਈ ਨਹੀਂ ਸਮਝਦਾ ਹੈ ਪਰ ਉਹ ਆਤਮਾ ਵਿੱਚ ਭੇਤ ਦੀਆਂ ਗੱਲਾਂ ਕਰਦਾ ਹੈ ।

**1 ਕੁਰਿੰਥੀਆਂ** 14:4 ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ **ਆਪ ਹੀ ਲਾਭ ਲੈਂਦਾ** ਹੈ

**ਯਹੂਦਾਹ** 20 ਇਹੋ ਕਹਿੰਦਾ ਹੈ: ਪਰ ਤੁਸੀਂ ਹੇ ਪਿਆਰਿਓ, **ਆਪਣੇ ਆਪ ਨੂੰ** ਆਪਣੀ ਅੱਤ ਪਵਿੱਤ੍ਰ ਨਿਹਚਾ ਉੱਤੇ **ਉਸਾਰੀ ਜਾਓ** ਅਤੇ ਪਵਿੱਤ੍ਰ ਆਤਮਾ ਵਿੱਚ ਪ੍ਰਾਰਥਨਾ ਕਰਦੇ ਹੋਏ ।

**1 ਕੁਰਿੰਥੀਆਂ** 14:14-15 ਜੇ ਮੈਂ ਪਰਾਈ ਭਾਖਿਆ ਵਿੱਚ ਪ੍ਰਾਰਥਨਾ ਕਰਾਂ ਤਾਂ **ਮੇਰਾ ਆਤਮਾ ਪ੍ਰਾਰਥਨਾ ਕਰਦਾ ਹੈ** ਪਰ ਮੇਰੀ **ਸਮਝ ਨਿਸਫਲ** ਹੈ। ਫੇਰ ਗੱਲ ਕੀ ਹੈ? ਮੈਂ ਤਾਂ ਆਤਮਾ ਨਾਲ ਪ੍ਰਾਰਥਨਾ ਕਰਾਂਗਾ ਅਤੇ ਸਮਝ ਨਾਲ ਵੀ ਪ੍ਰਾਰਥਨਾ ਕਰਾਂਗਾ । ਮੈਂ ਆਤਮਾ ਨਾਲ ਗਾਵਾਂਗਾ ਅਤੇ ਸਮਝ ਨਾਲ ਵੀ ਗਾਵਾਂਗਾ ।

**ਰੋਮੀਆਂ** 8:26-27 ਇਸ ਤਰਾਂ ਆਤਮਾ ਵੀ ਸਾਡੀ ਦੁਰਬਲਤਾਈ ਵਿੱਚ ਸਾਡੀ ਸਹਾਇਤਾ ਕਰਦਾ ਹੈ ਕਿਉਂ ਜੋ ਕਿਸ ਵਸਤ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ ਪਰ **ਆਤਮਾ ਆਪ** ਅਕੱਥ ਹਾਹੁਕੇ ਭਰ ਕੇ **ਸਾਡੇ ਲਈ ਸਫ਼ਾਰਸ਼ ਕਰਦਾ ਹੈ** ।(27) ਅਤੇ ਹਿਰਦਿਆਂ ਦਾ ਜਾਚਣ ਵਾਲਾ ਜਾਣਦਾ ਹੈ ਭਈ ਆਤਮਾ ਦੀ ਕੀ ਮਨਸ਼ਾ ਹੈ ਕਿਉਂ ਜੋ **ਉਹ ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਸੰਤਾਂ ਦੇ ਲਈ ਸਫਾਰਸ਼ ਕਰਦਾ ਹੈ**। ( ਯੂਨਾਨੀ ਸ਼ਬਦ ਵਿੱਚ ਯਥਾਰਥ ਅਰਥ ਹੈ: ਹੌਕਾ ਭਰਨਾ, ਬੁੜ ਬੁੜਾਉਨਾ, ਜਾਂ ਬੜੇ ਦ੍ਰਦ ਨਾਲ ਨਾ ਸੁਣਨ ਵਾਲੀ ਪ੍ਰਾਰਥਨਾ ਕਰਨੀ)

ਇਹ ਬੜੀ ਜਰੂਰੀ ਤੇ ਮਹਤਵਤਾ ਵਾਲਾ ਵਰਦਾਨ ਹੈ ਅਤੇ ਇਸੇ ਲਈ ਪੌਲੁਸ ਨੇ ਕਿਹਾ:

> **1 ਕੁਰਿੰਥੀਆਂ** 14:18 ਮੈਂ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ, ਮੈਂ ਤੁਹਾਡੇ ਸਭਨਾਂ ਨਾਲੋਂ ਵਧੀਕ ਪਰਾਈਆਂ ਭਾਖਿਆ ਬੋਲਦਾ ਹਾਂ
>
> **1 ਕੁਰਿੰਥੀਆਂ** 14:5 ਹੁਣ ਮੈਂ ਚਾਹੁੰਦਾ ਹਾਂ ਜੋ ਤੁਸੀਂ ਸੱਭੇ ਪਰਾਈਆਂ ਭਾਖਿਆਂ ਬੋਲੋ

ਅਤੇ ਤੁਸੀਂ ਬੋਲ ਸਕਦੇ ਹੋ! ਯਾਦ ਕਰੋ: **ਉਹ ਬੋਲੇ** ਅਤੇ ਪਵਿੱਤ੍ਰ ਆਤਮਾ ਨੇ ਉਨ੍ਹਾਂ ਨੂੰ ਬੋਲ ਦਿੱਤੇ। (ਰਸੂਲਾਂ ਦੇ ਕਰਤੱਬ 2:4) **ਤੁਹਾਨੂੰ ਬਸ ਇਹ ਕਰਨਾ** ਹੈ: ਅਪਨਾ ਮੂੰਹ ਖੋਲ ਕੇ ਹਵਾ ਨੂੰ ਅਵਾਜ ਕਢਣ ਵਾਲੀ ਜਗਹ ਤੱਕ ਜਾਨ ਦੇਵੋ ਪਰ ਅੰਗਰੇਜੀ ਜਾਂ ਫਿਰ ਤੁਹਾਡੀ ਅਪਣੀ ਭਾਖਿਆ ਬੋਲਣ ਤੋਂ ਇਨਕਾਰ ਕਰੋ । ਪਵਿੱਤ੍ਰ ਆਤਮਾ ਤੁਹਾਨੂੰ ਪ੍ਰਾਰਥਨਾ ਦੀ ਭਾਖਿਆ ਦੇਵੇਗਾ ।

3. ਅਗੰਮਵਾਕ ਵਾਲੀ ਪਰਾਈ ਭਾਖਿਆ ਅਨੁੰਵਾਦ ਦੇ ਨਾਲ

**1 ਕੁਰਿੰਥੀਆਂ 14:5** ਹੁਣ ਮੈਂ ਚਾਹੁੰਦਾ ਹਾਂ ਜੋ ਤੁਸੀਂ ਸੱਭੇ ਪਰਾਈਆਂ ਭਾਖਿਆਂ ਬੋਲੋ ਪਰ ਇਸ ਤੋਂ ਵਧੀਕ ਇਹ, ਜੋ ਤੁਸੀਂ ਅਗੰਮ ਵਾਕ ਕਰੋ । ਜਿਹੜਾ ਪਰਾਈਆਂ ਭਾਖਿਆਂ ਬੋਲਣ ਵਾਲਾ ਹੈ **ਜੇਕਰ ਉਹ ਅਰਥ ਨਾ ਕਰੇ ਜਿਸ ਤੋਂ ਕਲੀਸਿਯਾ ਲਾਭ ਉਠਾਵੇ** ਤਾਂ ਅਗੰਮ ਵਾਕ ਕਰਨ ਵਾਲਾ ਉਸ ਨਾਲੋਂ ਉੱਤਮ ਹੈ ।

**1 ਕੁਰਿੰਥੀਆਂ** 14:26-28 ਸੋ ਭਰਾਵੋ, ਗੱਲ ਕੀ ਹੈ ? **ਜਾਂ ਤੁਸੀਂ ਇਕੱਠੇ ਹੁੰਦੇ ਹੋ** ਤਾਂ ਕਿਸੇ ਦੇ ਕੋਲ ਭਜਨ, ਕਿਸੇ ਦੇ ਕੋਲ ਸਿੱਖਿਆ, ਕਿਸੇ ਦੇ ਕੋਲ ਅਗੰਮ ਗਿਆਨ, ਕਿਸੇ ਦੇ ਕੋਲ **ਪਰਾਈ ਭਾਖਿਆ**, ਕਿਸੇ ਦੇ ਕੋਲ **ਅਰਥ ਹੈ** । ਸੱਭੋ ਕੁਝ ਲਾਭ ਦੇ ਲਈ ਹੋਣਾ ਚਾਹੀਦਾ ਹੈ ।(27) ਜੇ ਕੋਈ ਪਰਾਈ ਭਾਖਿਆ ਬੋਲੇ ਤਾਂ ਦੋ ਦੋ ਅਥਵਾ ਵੱਧ ਤੋਂ ਵੱਧ ਤਿੰਨ ਤਿੰਨ ਕਰਕੇ ਬੋਲਣ ਸੋ ਭੀ ਵਾਰੋ ਵਾਰੀ ਅਤੇ **ਇੱਕ ਜਣਾ ਅਰਥ ਕਰੇ** । (28) ਪਰ ਜੇ ਕੋਈ ਅਰਥ ਕਰਨ ਵਾਲਾ ਨਾ ਹੋਵੇ ਤਾਂ **ਉਹ ਕਲੀਸਿਆ ਵਿੱਚ ਚੁੱਪ ਕਰ ਰਹੇ** ਅਤੇ ਆਪਣੇ ਨਾਲ ਅਤੇ ਪਰਮੇਸ਼ੁਰ ਨਾਲ ਬੋਲੇ ।

❖ ਪਤਰਸ ਦਾ ਪਰਚਾਰ:

**ਰਸੂਲਾਂ ਦੇ ਕਰਤੱਬ** 2:14-18 ਤਦ ਪਤਰਸ ਉਨ੍ਹਾਂ ਗਿਆਰਾਂ ਦੇ ਨਾਲ ਖੜ੍ਹੋ ਕੇ ਉੱਚੀ ਅਵਾਜ਼ ਨਾਲ ਆਖਣ ਲੱਗਾ: . . . **ਏਹ ਉਹ ਗੱਲ ਹੈ** ਜੋ ਯੋਏਲ ਨਬੀ ਦੀ ਜਬਾਨੀ ਕਹੀ ਗਈ ਸੀ: (ਯੋਏਲ 2:28) ਪਰਮੇਸ਼ੁਰ ਆਖਦਾ ਹੈ ਕਿ ਅੰਤ ਦੇ ਦਿਨਾਂ ਵਿੱਚ ਐਉਂ ਹੋਵੇਗਾ, ਜੋ **ਮੈਂ ਆਪਣੇ ਆਤਮਾ ਵਿੱਚੋਂ ਸਾਰੇ ਸਰੀਰਾਂ ਉੱਤੇ ਵਹਾ ਦਿਆਂਗਾ**, ਅਤੇ ਤੁਹਾਡੇ ਪੁੱਤ੍ਰ ਅਰ ਤੁਹਾਡੀਆਂ ਧੀਆਂ **ਅਗੰਮ ਵਾਕ ਕਰਨਗੇ**, ਅਤੇ ਤੁਹਾਡੇ ਜੁਆਨ **ਦਰਸ਼ਣ ਵੇਖਣਗੇ**, ਅਤੇ ਤੁਹਾਡੇ ਬੁੱਢੇ **ਸੁਫ਼ਨੇ ਵੇਖਣਗੇ** ।ਹਾਂ ਮੈਂ ਆਪਣੇ ਦਾਸਾਂ ਅਤੇ ਆਪਣੀਆਂ ਦਾਸੀਆਂ ਉੱਤੇ ਉਨ੍ਹੀਂ ਦਿਨੀਂ ਆਪਣੇ ਆਤਮਾ ਵਿੱਚੋਂ ਵਹਾ ਦਿਆਂਗਾ, ਅਰ ਓਹ ਅਗੰਮ ਵਾਕ ਕਰਨਗੇ । (ਪ੍ਰਭਾਵ ਹੇਠ ਆ ਕੇ ਬੋਲਨਾ)

**ਰਸੂਲਾਂ ਦੇ ਕਰਤੱਬ** 2:33, 37-39 (33) ਸੋ ਪਰਮੇਸ਼ੁਰ ਦੇ ਸੱਜੇ ਹੱਥ ਕੋਲ ਅੱਤ ਉੱਚਾ ਹੋ ਕੇ ਅਰ **ਪਿਤਾ ਤੋਂ ਪਵਿੱਤ੍ਰ ਆਤਮਾ ਦਾ ਕਰਾਰ ਪਾ ਕੇ** ਉਸ ਨੇ ਇਹ ਜੋ ਤੁਸੀਂ **ਵੇਖਦੇ ਅਤੇ ਸੁਣਦੇ** ਹੋ ਵਹਾ ਦਿੱਤਾ । (37) ਜਾਂ ਉਨ੍ਹਾਂ ਨੇ ਇਹ ਸੁਣਿਆ ਤਾਂ ਉਨ੍ਹਾਂ ਦੇ ਦਿਲ ਛਿਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ **ਅਸੀਂ ਕੀ ਕਰਏ** ? (38) ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, **ਤੋਬਾ ਕਰੋ** ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ **ਬਪਤਿਸਮਾ ਲਵੇ** ਤਾਂ ਪਵਿੱਤ੍ਰ ਆਤਮਾ ਦਾ ਦਾਨ **ਪਾਓਗੇ** ।(39) ਕਿਉਂਕਿ **ਇਹ ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ ਅਤੇ ਓਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ ।**

ਰਸੂਲਾਂ ਦੇ ਕਰਤੱਬ 4:8 ਤਦੋਂ ਪਤਰਸ ਨੇ, **ਪਵਿੱਤ੍ਰ ਆਤਮਾ ਨਾਲ ਭਰਪੂਰ ਹੋ ਕੇ**, ਉਨ੍ਹਾਂ ਨੂੰ ਆਖਿਆ

ਰਸੂਲਾਂ ਦੇ ਕਰਤੱਬ 4:31 ਜਦ ਉਹ ਬੇਨਤੀ ਕਰ ਹਟੇ ਤਾਂ ਉਹ ਥਾਂ ਥਿੰ ਓਹ ਇਕੱਠੇ ਹੋਏ ਸਨ ਹਿੱਲ ਗਿਆ ਅਤੇ **ਸੱਭੇ ਪਵਿੱਤ੍ਰ ਆਤਮਾ ਨਾਲ ਭਰਪੂਰ ਹੋ ਗਏ** ਅਰ ਪਰਮੇਸ਼ੁਰ ਦਾ **ਬਚਨ ਦਲੇਰੀ ਨਾਲ ਸੁਣਾਉਣ ਲੱਗੇ** ।

ਰਸੂਲਾਂ ਦੇ ਕਰਤੱਬ 4:33 ਅਤੇ ਰਸੂਲ **ਵੱਡੀ ਸ਼ਕਤੀ** ਨਾਲ ਪ੍ਰਭੂ ਯਿਸੂ ਦੇ ਜੀ ਉੱਠਣ ਦੀ ਸਾਖੀ ਦਿੰਦੇ ਸਨ ਅਰ ਉਨ੍ਹਾਂ ਸਭਨਾਂ **ਉੱਤੇ ਵੱਡੀ ਕਿਰਪਾ** ਸੀ ।

ਰਸੂਲਾਂ ਦੇ ਕਰਤੱਬ 6:3 ਸੋ ਭਾਈਓ ਆਪਣੇ ਵਿੱਚੋਂ ਸੱਤ ਨੇਕ ਨਾਮ ਆਦਮੀਆਂ ਨੂੰ ਜਿਹੜੇ **ਆਤਮਾ ਅਤੇ ਬੁੱਧ ਨਾਲ ਭਰਪੂਰ ਹੋਣ** ਲਓ ਭਈ ਅਸੀਨ ਓਹਨਾਂ ਨੂੰ ਇਸ ਕੰਮ ਉੱਤੇ ਠਹਿਰਾਈਏ ।
ਆਗੂਵਾਂ ਦੀ ਜਾਂ ਕਿਸੇ ਵੀ ਕੰਮ ਲਈ ਕਿਸੇ ਨੂੰ ਚੁਣਨ ਲਈ, ਜਿਹੜੀ ਹਿਦਾਇਤ ਹੈ ਉਹ ਹੈ: “ਆਤਮਾ ਨਾਲ ਭਰਪੂਰ”। ਇਸ ਮਸਹ ਦੀ ਲੋੜ ਹੈ ਜਿਵੇਂ ਕੂਚ 30:22-23 ਅਤੇ ਜਿਵੇਂ ਅੱਗੇ ਹੈ ।

**ਰਸੂਲਾਂ ਦੇ ਕਰਤੱਬ** 6:5 . . . ਅਤੇ ਉਨ੍ਹਾਂ ਨੇ ਇਸਤੀਫ਼ਾਨ ਨਾਮੇ ਇੱਕ ਪੁਰਸ਼ ਨੂੰ ਜਿਹੜਾ ਨਿਹਚਾ ਅਰ ਪਵਿੱਤ੍ਰ ਆਤਮਾ ਨਾਲ ਭਰਪੂਰ ਸੀ, ਅਰ ਫਿਲਿੱਪੁਸ ਅਰ ਪ੍ਰੌਖੋਰੁਸ ਅਰ ਨਿਕਾਨੋਰ ਅਰ ਤੀਮੋਨ ਅਰ ਪਰਮਨਾਸ ਅਰ ਨਿਕਲਾਉਸ ਨੂੰ ਚੁਣਿਆ

**ਰਸੂਲਾਂ ਦੇ ਕਰਤੱਬ** 6:8 ਇਸਤੀਫ਼ਾਨ, **ਕਿਰਪਾ ਅਰ ਸ਼ਕਤੀ ਨਾਲ ਭਰਪੂਰ** ਹੋ ਕੇ ਵੱਡੇ **ਅਚੰਭੇ ਅਤੇ ਨਿਸ਼ਾਨ** ਲੋਕਾਂ ਦੇ ਵਿੱਚ ਕਰਦਾ ਸੀ ।

## ❖ ਪਵਿੱਤ੍ਰ ਆਤਮਾ ਦਾ ਦੂੱਜਿਆਂ **ਉਤੇ** ਆਉਨਾਂ

- ਫ਼ਿਲਿੱਪੁਸ ਸਾਮਰਿਯਾ ਵਿੱਚ:

  **ਰਸੂਲਾਂ ਦੇ ਕਰਤੱਬ** 8:4-6 ਸੋ ਜਿਹੜੇ ਖਿੰਡ ਗਏ ਸਨ ਬਚਨ ਦੀ ਖੁਸ਼ ਖਬਰੀ ਸੁਣਾਉਂਦੇ ਫਿਰੇ । ਅਤੇ ਫ਼ਿਲਿੱਪੁਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪਰਚਾਰ ਕੀਤਾ ।ਅਤੇ ਜਾਂ ਲੋਕਾਂ ਨੇ **ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ** ਤਾਂ ਇੱਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ ।

  **ਰਸੂਲਾਂ ਦੇ ਕਰਤੱਬ** 8:12 ਪਰ ਜਾਂ ਉਨ੍ਹਾਂ ਨੇ **ਫ਼ਿਲਿੱਪੁਸ ਦੀ ਪਰਤੀਤ ਕੀਤੀ** ਜੋ ਪਰਮੇਸ਼ੁਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ **ਦੀ ਖੁਸ਼ ਖਬਰੀ** ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਤੀਵੀਆਂ **ਬਪਤਿਸਮਾ ਲੈਣ ਲੱਗੇ** ।

  **ਰਸੂਲਾਂ ਦੇ ਕਰਤੱਬ** 8:14-17 ਜਾਂ ਰਸੂਲਾਂ ਨੇ ਜਿਹੜੇ ਯਰੂਸ਼ਲਮ ਵਿੱਚ ਸਨ ਇਹ ਸੁਣਿਆ ਭਈ ਸਾਮਰਿਆ ਨੇ **ਪਰਮੇਸ਼ੁਰ ਦਾ ਬਚਨ ਮੰਨ ਲਿਆ ਹੈ** ਤਾਂ ਪਤਰਸ ਅਤੇ ਯੂਹੰਨਾ ਨੂੰ ਉਨ੍ਹਾਂ ਦੇ ਕੋਲ ਘੱਲਿਆ । ਓਹਨਾਂ ਜਾ ਕੇ ਉਨ੍ਹਾਂ ਦੇ ਲਈ ਪ੍ਰਾਰਥਨਾ ਕੀਤੀ **ਭਈ ਓਹ ਪਵਿੱਤ੍ਰ ਆਤਮਾ ਪਾਉਣ** ।ਕਿਉਂ ਜੋ **ਉਹ ਅਜੇ ਤੀਕੁਰ ਉਨ੍ਹਾਂ ਵਿੱਚੋਂ ਕਿਸੇ ਤੇ ਨਾ ਉਤਰਿਆ ਸੀ** ਪਰ ਉਨ੍ਹਾਂ ਨਿਰਾ ਪ੍ਰਭੁ ਯਿਸੂ ਦੇ ਨਾਮ ਉੱਤੇ ਬਪਤਿਸਮਾ ਲਿਆ ਸੀ । ਤਦ ਇਨ੍ਹਾਂ ਨੇ **ਉਨ੍ਹਾਂ ਉੱਤੇ ਹੱਥ ਰੱਖੇ** ਅਤੇ **ਉਨ੍ਹਾਂ ਨੂੰ ਪਵਿੱਤ੍ਰ ਆਤਮਾ ਮਿਲਿਆ ।**

- ਸੌਲੁਸ ਦਾ ਪਰਿਵਰਤਣ: ਰਸੂਲਾਂ ਦੇ ਕਰਤੱਬ 9:17

  ਤਦ ਹਨਾਨਿਯਾਹ ਚੱਲਿਆ ਗਿਆ ਅਤੇ ਉਸ ਘਰ ਵਿੱਚ ਜਾ ਵੜਿਆ ਅਰ **ਉਸ ਤੇ ਹੱਥ ਰੱਖ ਕੇ** ਬੋਲਿਆ, ਹੇ ਭਾਈ ਸੌਲੁਸ, ਪ੍ਰਭੂ ਅਰਥਾਤ ਯਿਸੂ ਨੇ ਜੋ ਤੈਨੂੰ ਉਸ ਰਾਹ ਵਿੱਚ ਜਿਸ ਤੋਂ ਤੂੰ ਆਇਆ ਸੀ ਵਿਖਾਈ ਦਿੱਤਾ ਮੈਨੂੰ ਘੱਲਿਆ ਹੈ **ਭਈ ਤੂੰ ਸੁਜਾਖਾ ਹੋ ਜਾਵੇਂ ਅਰ ਪਵਿੱਤ੍ਰ ਆਤਮਾ ਨਾਲ ਭਰ ਜਾਵੇਂ ।**

- ਕੁਰਨੇਲਿਯੁਸ ਦਾ ਪਰਿਵਰਤਣ: ਰਸੂਲਾਂ ਦੇ ਕਰਤੱਬ 10:44

  ਪਤਰਸ ਏਹ ਗੱਲਾਂ ਕਰਦਾ ਸੀ ਕਿ **ਪਵਿੱਤ੍ਰ ਆਤਮਾ** ਬਚਨ ਦੇ ਸਭਨਾਂ ਸੁਣਨ ਵਾਲਿਆਂ ਤੇ **ਉਤਰਿਆ**। ਅਰ ਸੁੰਨਤ ਕੀਤੇ ਹੋਏ ਨਿਹਚਾਵਾਨ ਜਿੰਨੇ ਪਤਰਸ ਦੇ ਨਾਲ ਆਏ ਸਨ ਸਭ ਦੰਗ ਹੋ ਗਏ ਜੋ ਪਰਾਈਆਂ ਕੌਮਾਂ ਦੇ ਲੋਕਾਂ ਉੱਤੇ ਵੀ **ਪਵਿੱਤ੍ਰ ਆਤਮਾ ਦੀ ਦਾਤ ਵਹਾਈ ਗਈ** ।ਕਿਉਂ ਜੋ ਉਨ੍ਹਾਂ ਨੇ ਓਹਨਾਂ ਨੂੰ **ਬੋਲੀਆਂ ਬੋਲਦੇ** ਅਤੇ ਪਰਮੇਸ਼ੁਰ ਦੀ ਵਡਿਆਈ ਕਰਦੇ ਸੁਣਿਆ ।ਤਦ ਪਤਰਸ ਨੇ ਅੱਗੋਂ ਆਖਿਆ ।ਕੀ ਕੋਈ ਪਾਣੀ ਨੂੰ ਰੋਕ ਸੱਕਦਾ ਹੈ ਕਿ ਏਹਨਾਂ ਲੋਕਾਂ ਨੂੰ **ਜਿਨ੍ਹਾਂ ਸਾਡੇ ਵਾਂਗੁ ਪਵਿੱਤ੍ਰ ਆਤਮਾ ਪਾਇਆ ਹੈ** ਬਪਤਿਸਮਾ ਨਾ ਦਿੱਤਾ ਜਾਵੇ ? ਅਤੇ ਉਸ ਨੇ ਹੁਕਮ ਕੀਤਾ ਕਿ ਓਹਨਾਂ ਨੂੰ ਯਿਸੂ ਮਸੀਹ ਦੇ ਨਾਮ ਉੱਤੇ **ਬਪਤਿਸਮਾ ਦਿੱਤਾ ਜਾਵੇ** ।

- ਪੌਲੁਸ ਅਫ਼ਸੀਆਂ ਵਿੱਚ: ਰਸੂਲਾਂ ਦੇ ਕਰਤੱਬ 19:1-6
ਇਉਂ ਹੋਇਆ ਕਿ ਜਾਂ ਅਪੁੱਲੋਸ ਕੁਰਿੰਥੁਸ ਵਿੱਚ ਸੀ ਤਾਂ ਪੌਲੁਸ ਉੱਪਰਲੇ ਇਲਾਕਿਆਂ ਵਿੱਚੋਂ ਦੀ ਲੰਘ ਕੇ ਅਫ਼ਸੁਸ ਨੂੰ ਆਇਆ, ਅਤੇ ਕਈ ਚੇਲਿਆਂ ਨੂੰ ਲੱਭ ਕੇ ਉਨ੍ਹਾਂ ਨੂੰ ਆਖਿਆ, **ਜਾਂ ਤੁਸਾਂ ਨਿਹਚਾ ਕੀਤੀ ਤਾਂ ਕੀ ਤੁਹਾਨੂੰ ਪਵਿੱਤ੍ਰ ਆਤਮਾ ਮਿਲਿਆ**? ਉਨ੍ਹਾਂ ਉਸ ਨੂੰ ਕਿਹਾ, ਅਸਾਂ ਤਾਂ ਇਹ ਸੁਣਿਆ ਭੀ ਨਹੀਂ ਭਈ ਪਵਿੱਤ੍ਰ ਆਤਮਾ ਹੈਗਾ ਹੈ ।ਉਨ ਆਖਿਆ, ਫੇਰ ਤੁਸਾਂ ਕਾਹ ਦਾ ਬਪਤਿਸਮਾ ਲਿਆ? ਅਹ ਬੋਲੇ, ਯੂਹੰਨਾ ਦਾ ਬਪਤਿਸਮਾ । ਉਪਰੰਤ ਪੌਲੁਸ ਨੇ ਕਿਹਾ, ਯੂਹੰਨਾ ਤੋਬਾ ਦਾ ਬਪਤਿਸਮਾ ਦਿੰਦਾ ਅਤੇ ਲੋਕਾਂ ਨੂੰ ਇਹ ਆਖਦਾ ਸੀ ਭਈ ਤੁਸੀਂ ਉਸ ਉੱਤੇ ਜੋ ਮੇਰੇ ਪਿੱਛੇ ਆਉਣ ਵਾਲਾ ਹੈ ਅਰਥਾਤ ਯਿਸੂ ਉੱਤੇ ਨਿਹਚਾ ਕਰੋ । ਇਹ ਸੁਣ ਕੇ ਉਨ੍ਹਾਂ ਨੇ ਪ੍ਰਭੁ ਯਿਸੂ ਦੇ ਨਾਮ ਵਿੱਚ **ਬਪਤਿਸਮਾ ਲਿਆ** । ਅਤੇ **ਜਾਂ ਪੌਲੁਸ ਨੇ ਉਨ੍ਹਾਂ ਉੱਤੇ ਹੱਥ ਧਰੇ ਤਾਂ ਪਵਿੱਤ੍ਰ ਆਤਮਾ ਉਨ੍ਹਾਂ ਤੇ ਉਤਰਿਆ ਅਰ ਉਹ ਬੋਲੀਆਂ ਬੋਲਣ ਅਤੇ ਅਗੰਮ ਵਾਕ ਕਰਨ ਲੱਗੇ** ।
  - ਪੌਲੁਸ ਦੀ ਸਿੱਖਿਆ:

2 **ਤਿਮੋਥਿਉਸ** 3:5 ਬਾਰੇ ਬੋਲਦਾ ਹੈ: ਭਗਤੀ ਦਾ ਰੂਪ ਧਾਰਣ ਕਰਦੇ ਪਰ ਉਸ ਦੀ **ਸ਼ਕਤੀ ਦਾ ਇਨਕਾਰ ਕਰਦੇ** ।

ਅਸੀਂ ਨਿਹਸੰਦੇਹ ਕੇਵਲ "ਭਗਤੀ ਦਾ ਰੂਪ" **ਨਹੀਂ** ਚਾਹਵਾਂਗੇ ਜਾਂ ਪਵਿੱਤ੍ਰ ਆਤਮਾ ਦੀ ਭਰਪੂਰੀ ਤੋਂ **ਸ਼ਕਤੀ ਪ੍ਰਦਾਨ** ਦਾ **ਇਨਕਾਰ** ਕਰਨਾ ਜੋ ਬਪਤਿਸਮੇ ਰਾਹੀ ਅਤੇ ਪਵਿੱਤ੍ਰ ਆਤਮਾ ਦੇ ਸਾਡੇ **ਉਤੇ** ਆਉਣ ਰਾਹੀ ਹੁੰਦਾ ਹੈ

ਜੇ ਅਸੀਂ ਕਰੀਏ . . .ਅਸੀਂ **ਉਸ ਨੂੰ ਬੁਝਾਉਂਦੇ** ਹਾਂ, ਅਤੇ ਜੋ ਉਹ ਕਰ ਸਕਦਾ ਅਤੇ ਸਾਡੇ ਵਸੀਲੇ ਕਰਨਾ ਚਾਹੁੰਦਾ ਹੈ ।

1. 1 ਥੱਸਲੁਨੀਕੀਆਂ 5:19 ਆਤਮਾ ਨੂੰ ਨਾ **ਬੁਝਾਉ**

ਅਸੀਂ ਪਵਿੱਤ੍ਰ ਆਤਮਾ ਨੂੰ ਬੁਝਾ ਦਿੰਦੇ ਹਾਂ ਉਸ ਦਾ ਇਨਕਾਰ ਕਰਕੇ ਜਾਂ ਉਸ ਨੂੰ "ਨਾ" ਕਹਕੇ । ਜੇ ਅਸੀਂ ਲਗੇ ਰਹੀਏ ਅਤੇ ਪਾਪ ਨੂੰ "ਹਾਂ" ਕਹਿਏ, ਤਾਂ ਅਸੀਂ ਨਾ ਕੇਵਲ ਉਸ ਨੂੰ **ਬੁਝਾ** ਦਿੰਦੇ ਹਾਂ ਪਰ ਉਸ ਨੂੰ **ਉਦਾਸ** ਵੀ ਕਰਦੇ ਹਾਂ ।

2. ਅਤੇ ਪਰਮੇਸ਼ੁਰ ਦੇ ਪਵਿੱਤ੍ਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ । ਅਫ਼ਸੀਆਂ 4:30

ਜੇ ਅਸੀਂ ਸ਼ਕਤੀ ਪ੍ਰਦਾਨ ਕਰਨ ਵਾਲੇ ਪਵਿਤ੍ਰ ਆਤਮਾ ਦੇ ਬਪਤਿਸਮੇ ਦਾ ਇਨਕਾਰ ਕਰੀਏ ਤਾਂ ਸਾਡੇ ਜੀਵਨ ਵਿੱਚ **ਆਤਮਾ ਦੇ ਫਲਾਂ** ਨੂੰ ਪੈਦਾ ਕਰਨਾ ਬੜਾ ਮੁਸ਼ਕਲ ਹੋ ਜਾਵੇਗਾ ਸੀਰਫ ਕਦੇ ਕਦਾਰ ਇਕ ਫਲ ਇਦਰ ਤੇ ਇਕ ਉਦਰ

**ਗਲਾਤੀਆਂ** 5:21-26 ਪਰ **ਆਤਮਾ ਦਾ ਫਲ** ਇਹ ਹੈ ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, (23) ਨਰਮਾਈ, ਸੰਜਮ

- ਮੈਂ ਸੋਚਦਾ ਹਾਂ ਇਕ ਅੱਛੀ ਮਾਤ੍ਰਾ ਜਾਂ ਨਿਸ਼ਾਨ ਪਵਿੱਤ੍ਰ ਆਤਮਾ ਦੀ ਭਰਪੂਰੀ ਦਾ ਸਾਡੇ ਜੀਵਨ ਵਿੱਚ ਫਲ ਹਣ ।
- ਅੱਗਲੇ ਦੋ ਹਵਾਲੇ ਆਤਮਾ ਦੇ ਫਲਾਂ ਦੇ **ਪੂਰੇ ਫੈਦੇ** ਲਈ **ਜਰੂਰੀ ਯੋਗਤਾ** ਦਸਦੇ ਹਣ ।

(24) ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆਂ ਕਾਮਨਾਂ ਅਤੇ ਵਿਸ਼ਿਆਂ ਸਣੇ ਸਲੀਬ ਉੱਤੇ ਚਾੜ ਦਿੱਤਾ । (25) ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ **ਆਤਮਾ ਦੁਆਰਾ ਚੱਲੀਏ ਵੀ** ।

ਇਹੋ ਗਲ ਆਤਮਾ ਦੇ ਵਰਦਾਨਾ ਲਈ ਵੀ ਸੱਚ ਹੈ । ਇਸ ਕਾਰਵਾਈ ਲਈ - ਪਵਿੱਤ੍ਰ ਓਤਮਾ ਦਾ ਬਪਤਿਸਮਾ - ਪਵਿੱਤ੍ਰ ਆਤਮਾ ਦੀ ਭਰਪੂਰੀ - **ਜਰੂਰੀ ਹੈ** ।

1 ਕੁਰਿੰਥੀਆਂ 12:7-11 ਪਰ **ਆਤਮਾ ਦਾ ਪਰਕਾਸ਼** ਜੋ ਸਭਨਾਂ ਦੇ ਲਾਭ ਲਈ ਇੱਕ ਇੱਕ ਨੂੰ ਦਿੱਤਾ ਜਾਂਦਾ ਹੈ ।(8) ਇੱਕ ਨੂੰ ਤਾਂ ਆਤਮਾ ਦੇ ਰਾਹੀਂ **ਗਿਆਨ ਦੀ ਗੱਲ** ਪਰਾਪਤ ਹੁੰਦੀ ਹੈ ਅਤੇ ਦੂਏ ਨੂੰ ਉਸੇ ਆਤਮਾ ਦੇ ਅਨੁਸਾਰ **ਵਿੱਦਿਆ ਦੀ ਗੱਲ;** (9) ਅਤੇ ਹੋਰ ਕਿਸੇ ਨੂੰ ਉਸੇ ਆਤਮਾ ਤੋਂ **ਨਿਹਚਾ** ਅਤੇ ਹੋਰ ਕਿਸੇ ਨੂੰ ਉਸੇ ਇੱਕੋ ਆਤਮਾ ਤੋਂ **ਨਰੋਇਆ ਕਰਨ ਦੀਆਂ ਦਾਤਾਂ**, (10) ਅਤੇ ਹੋਰ ਕਿਸੇ ਨੂੰ **ਕਰਾਮਾਤਾਂ** ਵਿਖਾਉਣ ਦੀ ਸਮਰੱਥਾ ਅਤੇ ਹੋਰ ਕਿਸੇ ਨੂੰ **ਅਗੰਮ ਵਾਕ** ਅਤੇ ਹੋਰ ਕਿਸੇ ਨੂੰ **ਆਤਮਿਆਂ ਦੀ ਪਛਾਣ** ਅਤੇ ਹੋਰ ਨੂੰ ਅਨੇਕ ਪਰਕਾਰ ਦੀਆਂ **ਭਾਸ਼ਾ** ਅਤੇ ਹੋਰ ਕਿਸੇ ਨੂੰ **ਭਾਸ਼ਾ ਦਾ ਅਰਥ ਕਰਨਾ** । (11) ਪਰ ਉਹ ਇੱਕੋ ਆਤਮਾ ਇਹ ਸਭ ਕੁਝ ਕਰਦਾ ਹੈ ਅਤੇ ਉਹ ਜਿਸ ਤਰਾਂ ਚਾਹੁੰਦਾ ਹੈ ਹਰੇਕ ਨੂੰ ਇੱਕ ਇੱਕ ਕਰਕੇ ਵੰਡ ਦਿੰਦਾ ਹੈ ।

- ਪਵਿੱਤ੍ਰ ਆਤਮਾ ਦਾ ਮਸਹ ਸਾਡੇ ਜੀਵਨ ਵਿੱਚ ਇਨ੍ਹਾਂ ਵਰਦਾਨਾ ਦੀ ਸ਼ਕਤੀ ਪ੍ਰਦਾਨ ਕਰਦਾ ਹੈ ।

## ❖ ਪਵਿੱਤਰ ਆਤਮਾ ਨੂੰ ਲੈਣਾ

**ਰਸੂਲਾਂ ਦੇ ਕਰਤੱਬ 2:38-39** ਜਾਂ ਉਨ੍ਹਾਂ ਨੇ ਇਹ ਸੁਣਿਆ ਤਾਂ ਉਨ੍ਹਾਂ ਦੇ ਦਿਲ ਛਿਦ ਗਏ, ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ "ਹੇ ਭਾਈਓ, **ਅਸੀਂ ਕੀ ਕਰੀਏ**" ਪਤਰਸ ਦਾ ਜਵਾਬ ਅਜ ਵੀ ਸਾਡੇ ਲਈ ਸਚ ਹੈ:

1. **ਤੋਬਾ ਕਰੋ** – ਆਵਿਸਵਾਸ ਤੋਂ ਵਿਸਵਾਸ ਨੂੰ ਫਿਰੋ
   - ਤੁਸੀਂ. . . ਅਪਣੇ ਬਾਲਕਾਂ ਨੂੰ **ਚੰਗੀਆਂ ਦਾਤਾਂ** ਦੇਣੀਆਂ ਜਾਣਦੇ ਹੋ, **ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤ੍ਰ ਆਤਮਾ ਦੇਵੇਗਾ?**

     ਲੂਕਾ 11:11-13

2. **ਬਪਤਿਸਮਾ ਲਵੋ** - ਜੇ ਤੁਸੀਂ ਪਹਿਲਾਂ ਹੀ ਲੈ ਚੁੱਕੇ ਹੋ, ਤਾਂ ਅਪਣੇ ਆਪ ਨੂੰ ਦੁਬਾਰਾ ਯਿਸੂ ਨੂੰ ਅਤੇ ਸੇਵਕਾਈ ਜਿਹੜੀ ਉਸ ਕੋਲ ਤੁਹਾਡੇ ਲਈ ਹੈ ਸਮਰਪਣ ਕਰੋ ।
   - ਪ੍ਰਭੂ ਦੀ ਵਫਾਦਾਰੀ ਨਾਲ ਸੇਵਕਾਈ ਅਤੇ ਉਸ ਦੀ ਆਗਿਆ ਪਾਲਣ ਲਈ ਇੱਕ ਮਜ਼ਬੂਤ ਪ੍ਰਤਿਗਿਆ ਬਨਾਵੋ ।
   - ਪ੍ਰਭੂ ਯਿਸੂ ਕੋਲੋਂ ਮੰਗੋ ਕਿ ਤੁਹਨੂੰ ਮਸਹ ਕਰੇ / ਤੁਹਾਨੂੰ ਭਰੋ / ਤੁਹਾਨੂੰ ਪਵਿੱਤ੍ਰ ਆਤਮਾ ਵਿੱਚ ਬਪਤਿਸਮਾ ਦੇਵੇ ।
   - ਨਿਹਚਾ ਨਾਲ ਮੰਗੋ ਪ੍ਰਭੂ ਦੇ ਬਚਨ ਤੇ ਵਿਸਵਾਸ ਕਰਕੇ // ਉਸ ਦਾ ਵਾਦਾ:

3. ਤਾਂ **ਪਵਿੱਤ੍ਰ ਆਤਮਾ ਦਾ ਦਾਨ ਪਾਉਗੇ** । (39) "ਕਿਉਂਕਿ ਇਹ **ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ** ਅਤੇ ਓਹਨਾਂ **ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ**" ।

ਜੇ ਪਿਛਲੇ ਸਮੇਂ ਵਿੱਚ ਤੁਹਾਡਾ ਪਵਿੱਤ੍ਰ ਆਤਮਾ ਵਿੱਚ ਬਪਤਿਸਮਾ ਹੋਇਆ ਅਤੇ ਉਹ ਤੁਹਾਡੇ ਉਤੇ ਆਇਆ . . . ਫਿਰ

**ਅਫ਼ਸੀਆਂ 5:18-21 ਤੁਹਾਡੇ ਲਈ ਹੈ:**

ਅਤੇ ਮੈਂ ਨਾਲ ਮਸਤ ਨਾ ਹੋਵੋ ਜਿਹ ਦੇ ਵਿੱਚ ਲੁੱਚਪੁਣਾ ਹੁੰਦਾ ਹੈ, ( ਦੂਜੇ ਸ਼ਬਦਾਂ ਵਿੱਚ, ਅਪਣੇ ਆਪ ਨੂੰ ਕਿਸੇ ਹੋਰ ਆਤਮਾ ਦੇ ਵੱਸ ਵਿੱਚ ਨਾ ਦੇਵੋ ) ਸਗੋਂ **ਭਰਪੂਰ ਹੋ ਜਾਓ** (ਵਰਤਮਾਨ, ਨਿਸਕ੍ਰਿਆ, ਆਦੇਸ਼ਾਤਮਕ, ਜਿਸ ਦਾ ਅਰਥ ਹੈ - **ਲਗਾਤਾਰ ਭਰਪੂਰ ਹੁੰਦੇ ਰਹਨਾਂ**) **ਆਤਮਾ ਦੇ ਨਾਲ,**

- ਸ਼ੁਰੂਆਤੀ ਆਤਮਾ ਨਾਲ ਭਰਨਾ ਹੈ ਜਾਂ **ਪਵਿੱਤ੍ਰ ਆਤਮਾ** ਨਾਲ ਬਪਤਿਸਮਾ ਪਰ ਇੱਕ ਲਗਾਤਾਰ ਰੋਜ਼ ਬਾ ਰੋਜ਼ ਭਰਦੇ ਜਾਨਾਂ ਵੀ ਹੋਨਾ ਚਾਹਿਦਾ ਹੈ ।
- ਸਬ ਤੋਂ ਪਹਿਲਾਂ ਹਰ ਸਵੇਰ **ਪ੍ਰਭੂ** ਨਾਲ ਮੁਲਾਕਾਤ ਅਤੇ ਅਪਣੇ ਦਿਨ ਨੂੰ ਅਤੇ ਅਪਣੇ ਆਪ ਨੂੰ **ਪ੍ਰਭੂ** ਨੂੰ ਅਤੇ ਉਸ ਦੀ ਸੇਵਾ ਲਈ ਸਮਰਪਿਤ ਕਰਨ ਲਈ ਅਪਣੀ ਪ੍ਰਾਰਥਨਾ ਦਾ ਹਿਸਾ ਬਨਾਵੋ।**ਪ੍ਰਭੂ ਯਿਸੂ** ਕੋਲੋਂ ਮੰਗੋ ਕਿ ਉਹ ਤੁਹਾਨੂੰ **ਪਵਿੱਤ੍ਰ ਆਤਮਾ** ਵਿੱਚ ਨਵੇਂ ਸਿਰੇ ਤੋਂ ਬਪਤਿਸਮਾ ਦੇਵੇ ।ਅਤੇ ਥੋੜਾ ਸਮਾਂ **ਆਤਮਾ** ਵਿੱਚ ਪ੍ਰਾਰਥਨਾ ਨੂੰ ਦੇਵੋ ।
- ਖਮੋਸ਼ੀ ਨਾਲ ਸਾਰੇ ਦਿਨ ਭਰ ਵਿੱਚ **ਆਤਮਾ** ਵਿੱਚ ਪ੍ਰਾਰਥਨਾ ਕਰਨ ਦੀ ਆਦਤ ਬਨਾ ਲਵੋ, ਅਤੇ ਜਦੋਂ ਇੱਕਲੇ ਹੋਵੇ, ਤਾਂ ਜੋਰ ਦੀ ।

(19) ਅਤੇ ਜ਼ਬੂਰ ਅਤੇ ਭਜਨ ਅਤੇ ਆਤਮਕ ਗੀਤ ਗਾ ਕੇ ਇੱਕ ਦੂਏ ਨਾਲ ਗੱਲਾਂ ਕਰੋ ਅਤੇ ਮਨ ਲਾ ਕੇ ਪ੍ਰਭੂ ਲਈ ਗਾਉਂਦੇ ਵਜਾਉਂਦੇ ਰਿਹਾ ਕਰੋ; (20) ਅਤੇ ਸਭਨਾਂ ਗੱਲਾਂ ਦੇ ਲਇ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਕਰੋ; (21) ਅਤੇ ਮਸੀਹ ਦੇ ਭੌ ਵਿੱਚ ਇੱਕ ਦੂਏ ਦੇ ਅਧੀਨ ਰਹੋ ।

ਜੀ ਪ੍ਰਭੂ ! ਤੁਹਾਡੀ ਮਹਿਮਾ ਲਈ ।

ਆਮੀਨ